ੴ ਸਤਿਗੁਰ ਪ੍ਰਸਾਦਿ

# ਸ਼ਹੀਦੀ ਦਾ ਸੰਕਲਪ ਤੇ ਸਿੱਖੀ ਜੀਵਨ ਜਾਚ

ਡਾ. ਬ੍ਰਿਜਪਾਲ ਸਿੰਘ
11, ਗ੍ਰੀਨਵਿਊ, ਪਟਿਆਲਾ

ਵਿਸ਼ੇਸ਼ ਸਹਿਯੋਗ

ਅਕਾਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ, ਪਟਿਆਲਾ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

1998
ਗੁਰੂ ਨਾਨਕ ਦੇਵ ਮਿਸ਼ਨ, ਲੜੀ-483

ਗੁਰੂ ਨਾਨਕ ਦੇਵ ਮਿਸ਼ਨ, ਅਕਾਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ,
1, ਢਿਲੋਂ ਮਾਰਗ, ਭੁਪਿੰਦਰ ਨਗਰ, ਪਟਿਆਲਾ

ਭੇਟਾ : 4/-

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਸ਼ਹੀਦੀ ਦਾ ਸੰਕਲਪ ਤੇ ਸਿੱਖੀ ਜੀਵਨ ਜਾਚ

ਸ਼ਹੀਦੀ ਸਾਡਾ ਸਿੱਖੀ ਜੀਵਨ ਹੈ।। ਅਕਾਲਪੁਰਖ ਨੇ ਗੁਰੂ ਨਾਨਕ ਤੋਂ ਗੋਬਿੰਦ ਸਿੰਘ ਜੀ ਨੂੰ ਇਕ ਮਿਸ਼ਨ ਦੇ ਕੇ ਤੋਰਿਆ ਸੀ:

*"ਜਹਾਂ ਤਹਾਂ ਤੁਮ ਧਰਮ ਚਲਾਇ।। ਕਬੁਧ ਕਰਨ ਤੇ ਲੋਕ ਹਟਾਇ।।"*

ਦੁਸ਼ਟ-ਦਮਨ ਦਸਮੇਸ਼ ਪਿਤਾ ਦੇ ਸਿੱਖੀ ਮਿਸ਼ਨ ਦਾ ਇਕ ਅਨਿਖੜਵਾਂ ਅੰਗ ਸਾਡੀ ਸਿੱਖੀ-ਜਾਚ ਦਾ ਇਹ ਅਸੂਲ ਹੈ ਕਿ:

*ਸੀਸ ਜਾਏ ਤਾਂ ਜਾਏ, ਪਰ ਸਿੱਖੀ ਸਿਦਕ ਨਾਂਹ ਜਾਏ।।*

ਪਰ ਸ਼ਹੀਦੀ ਦੀ ਗਾਥਾ ਦਾ ਆਰੰਭ ਤਾਂ ਗੁਰੂ ਨਾਨਕ ਦੇਵ ਜੀ ਦੇ ਅਨਮੋਲ ਬੋਲ ਹੀ ਕਰਦੇ ਹਨ:

*ਜਉ ਤਉ ਪ੍ਰੇਮ ਖੇਲਣ ਕਾ ਚਾਉ।।*
*ਸਿਰੁ ਧਰਿ ਤਲੀ ਗਲੀ ਮੇਰੀ ਆਉ।।*
*ਇਤੁ ਮਾਰਗਿ ਪੈਰੁ ਧਰੀਜੈ।।*
*ਸਿਰੁ ਦੀਜੈ ਕਾਣਿ ਨਾ ਕੀਜੈ।।* *(ਗੁਰੂ ਗ੍ਰੰਥ ਸਾਹਿਬ ਪੰਨਾ 1412)*

ਫਿਰ ਕਿਹਾ:

*ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ।।*

*(ਗੁਰੂ ਗ੍ਰੰਥ ਸਾਹਿਬ ਪੰਨਾ 580)*

ਕਬੀਰ ਜੀ ਵੀ ਕੁਝ ਇਵੇਂ ਹੀ ਸੁਣਾ ਰਹੇ ਸਨ। ਤਾਂ ਹੀ ਤਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਹਿੱਸਾ ਬਣ ਕੇ, ਗੁਰਬਾਣੀ ਹੋ ਕੇ ਆਇਆ:

*ਸੂਰਾ ਸੋ ਪਹਿਚਾਨੀਐ*
*ਜੁ ਲਰੈ ਦੀਨ ਕੇ ਹੇਤ।*
*ਪੁਰਜਾ ਪੁਰਜਾ ਕਟਿ ਮਰੈ*
*ਕਬਹੂ ਨਾ ਛਾਡੈ ਖੇਤੁ।।* *(ਗੁਰੂ ਗ੍ਰੰਥ ਸਾਹਿਬ ਪੰਨਾ 1105)*

ਗੁਰੂ ਨਾਨਕ ਸਾਹਿਬ ਜੀ ਨੇ ਪੰਜਵੇਂ ਜਾਮੇ ਵਿਚ ਆ ਕੇ ਹੋਰ ਸਪਸ਼ਟ ਕੀਤਾ:

*ਪਹਿਲਾ ਮਰਣੁ ਕਬੂਲਿ,*
*ਜੀਵਣ ਕੀ ਛਡਿ ਆਸ।*
*ਹੋਹੁ ਸਭਨਾ ਕੀ ਰੇਣੁਕਾ,*
*ਤਉ ਆਉ ਹਮਾਰੈ ਪਾਸਿ।।* *(ਗੁਰੂ ਗ੍ਰੰਥ ਸਾਹਿਬ ਪੰਨਾ 1102)*



Sri Satguru Jagjit Singh Ji eLibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਜੀ ਨੇ ਰੱਬ ਜੀ ਤੋਂ ਇਹ ਵਰ ਮੰਗਿਆ ਸੀ:

*ਜਬ ਆਵ ਕੀ ਅਉਧ ਨਿਦਾਨ ਬਨੈ*
*ਅਤ ਹੀ ਰਨ ਮੈ ਤਬ ਜੂਝ ਮਰੋ।।* (ਚੰਡੀ ਚਰਿਤ੍ਰ)

ਜੀਵਨ ਵਿਚ (ੳ) ਸੀਸ ਸਦਾ ਗੁਰੂ ਅਗੇ ਭੇਟ ਰਖਣਾ, (ਅ) ਹਰ ਸਮੇਂ ਮੌਤ ਲਈ ਤਿਆਰ ਰਹਿਣਾ, (ੲ) ਸੂਰਮਿਆਂ ਦੀ ਮੌਤ ਮਰਨਾ ਆਪਣਾ ਹੱਕ ਸਮਝਣਾ ਅਤੇ (ਸ) ਇਸ ਮੌਤ ਦੀ ਇਲਤਜਾ ਕਰਨਾ-ਸਿੱਖੀ ਜੀਵਨ ਜਾਚ ਦੇ ਉਹ ਚੋਣਵੇਂ ਅੰਗ ਹਨ ਜੋ ਸ਼ਹੀਦੀ ਦੇ ਸੰਕਲਪ ਨੂੰ ਸਮਝਣ ਲਈ ਬੜੇ ਜ਼ਰੂਰੀ ਹਨ।।

ਸਿੱਖ ਦਾਰਸ਼ਨਿਕਤਾ ਵਿਚ ਇਨ੍ਹਾਂ ਚਾਰਾਂ ਪਖਾਂ ਨੂੰ ਵਿਚਾਰਨ ਦੀ ਲੋੜ ਹੈ ਤਾਂ ਕਿ ਸ਼ਹੀਦੀ ਦਾ ਪਿਛੋਕੜ ਸਪਸ਼ਟ ਹੋਵੇ।

### (ੳ) ਸੀਸ ਗੁਰੂ ਅਗੇ ਭੇਟਾ

ਸਿੱਖ ਆਪਣਾ ਸਾਰਾ ਕੁਝ ਤਿਆਗ ਕੇ ਗੁਰੂ ਚਰਨਾ ਵਿਚ ਪਹੁੰਚਦਾ ਹੈ। ਇਸ "ਆਪਣੇ ਸਾਰੇ ਕੁਝ" ਦੇ ਵੀ ਦੋ ਮੁੱਖ ਪੱਖ ਹੈ।

**(1) ਇਕ ਹੈ : ਹਉਮੈ ਜਾਂ ਮੈਂ ਮੇਰੀ।।** ਇਸ ਅਨੁਸਾਰ ਮਾਇਆ ਦੇ ਰੂਪ ਵਿਚ ਬੰਦਾ "ਆਪਣਾ" ਬਹੁਤ ਕੁਝ ਦੇਖਦਾ ਹੈ। ਇਸ ਆਪਣੇ ਦੇ ਕਈ ਚਿੰਨ੍ਹ ਹਨ।

(i) ਆਪਣਾ ਸਰੀਰ। ਇਸਦੇ ਵੀ ਵੱਖ ਵੱਖ ਕਈ ਅੰਗ ਹੋ ਸਕਦੇ ਹਨ : ਸੁੰਦਰ ਰੂਪ, ਜੁਆਨੀ, ਸਿਹਤ, ਵਿਦਿਆ, ਲਿਆਕਤ, ਪੱਦ ਜਾਂ ਅਧਿਕਾਰ ਵਾਲੀ ਪਦਵੀ;

(ii) ਆਪਣੀ ਆਮਦਨ, ਧੰਨ ਤੇ ਦੌਲਤ (ਸੋਨਾ, ਹੀਰੇ, ਮੋਤੀ ਆਦਿ); ਰੁਪਿਆ; ਸੰਪਤੀ, ਮਕਾਨ, ਜਾਇਦਾਦ; ਘੋੜੇ ਰਥ, ਲਸ਼ਕਰ, ਮੋਟਰ ਗਡੀਆਂ ਆਦਿ;

(iii) ਆਪਣੀ ਜਾਤ ਤੇ ਕੁਲ : ਖਾਨਦਾਨ, ਮਾਂ-ਬਾਪ, ਇਸਤਰੀ, ਸੰਤਾਨ, ਰਿਸ਼ਤੇਦਾਰ ਤੇ ਮਿਤਰ ਸਨੇਹੀ;

(iv) ਦੂਜਿਆਂ ਤੇ ਹਕੂਮਤ, ਰਾਜ-ਭਾਗ, ਸ਼ੋਭਾ, ਵਡਿਆਈ, "ਵਾਹ ਵਾਹ!"

(v) ਰਿਧੀਆਂ, ਸਿਧੀਆਂ, ਜਾਦੂ ਟੂਣਿਆਂ ਦੀਆਂ ਸ਼ਕਤੀਆਂ, ਹਿਪਨਾਟਿਜ਼ਮ ਸ਼ਕਤੀ, ਸ਼ਖਸੀਅਤ ਦਾ ਕ੍ਰਿਸ਼ਮਾ ਆਦਿ।

ਗੁਰੂ ਕੋਲ ਜਦੋਂ ਸਿਖ ਨੇ ਆਪਣਾ ਸਮ੍ਰਪਨ ਕਰਨਾ ਹੈ ਤਾਂ ਮੈਂ-ਮੇਰੀ ਦਾ ਇਹ ਪੰਜ-ਪਖੀ, "ਪ੍ਰਾਪਤੀ" ਵਾਲਾ ਪੱਖ ਸੱਭ ਕੁਝ ਭੇਟ ਕਰ ਦੇਣਾ ਹੈ- ਕਿਉਂਕਿ ਇਹ "ਪ੍ਰਾਪਤੀ" 'ਮੇਰੀ' ਕੀਤੀ ਕਮਾਈ ਨਹੀਂ, ਰੱਬ ਦੇ ਦਿਤੇ ਮੈਨੂੰ ਭਾਗ ਹਨ, ਮੇਰੇ ਪੂਰਬਲੇ ਕਰਮ-ਸੰਜੋਗ ਹਨ ਜਾਂ ਉਸਦੀ ਬਖਸ਼ਸ਼-ਦਾਤ ਦਾ ਇਕ ਨਿਕਾ ਜਿਹਾ ਭੁਲਾਵਾਂ ਹਨ, ਪਰਛਾਵਾਂ ਹਨ। ਇਹ ਅਸਲ ਵਿਚ ਮੇਰੇ ਹੈ ਹੀ ਨਹੀਂ।



Sri Satguru Jagjit Singh Ji eLibrary NamdhariElibrary@gmail.com

www.archive.org/details/namdhari

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ*

*(ਗੁਰੂ ਗ੍ਰੰਥ ਸਾਹਿਬ ਪੰਨਾ 1375)*

*ਮੈ ਨਾਹੀ ਕਛੁ ਹਉ ਨਹੀ, ਕਿਛੁ ਆਹਿ ਨਾ ਮੋਰਾ*

*(ਗੁਰੂ ਗ੍ਰੰਥ ਸਾਹਿਬ ਪੰਨਾ 858)*

ਇਨ੍ਹਾਂ ਦੀ ਪ੍ਰਾਪਤੀ, ਮੇਰੀ 'ਮੈਂ-ਮੇਰੀ' ਨੂੰ ਚਮਕਾ ਕੇ ਮੈਨੂੰ ਮੇਰੇ ਰੱਬ ਜੀ ਤੋਂ ਦੂਰ ਕਰਦੀ ਹੈ। ਅਤੇ ਗੁਰੂ ਸ਼ਬਦ, ਗੁਰੂ ਮੰਤਰ, ਗੁਰੂ ਕਿਰਪਾ ਹੀ ਮੈਨੂੰ ਇਨ੍ਹਾਂ ਸਭ ਦੇ ਹੁੰਦਿਆਂ ਵੀ, ਮੈਨੂੰ ਇਨ੍ਹਾਂ ਤੋਂ ਬੇਲਾਗ ਕਰਕੇ, ਮੈਨੂੰ ਮੇਰੇ ਰੱਬ ਨਾਲ ਜੋੜਦੇ ਹਨ। ਹਉਮੈ ਦਾ ਤਿਆਗ ਜਾਂ ਹਉਮੈ ਤੇ ਕਾਬੂ ਅਥਵਾ ਮਨੋਂ ਇਨ੍ਹਾਂ ਤੋਂ ਬੇਲਾਗ ਹੋਣਾ, ਜਲ ਵਿਚ ਕਮਲ ਵਾਂਗ ਰਹਿਣਾ ਹੀ ਸੁਰਤੀ ਨਾਲ, ਸ਼ਬਦ ਦੁਆਰਾ ਭਵਸਾਗਰ ਨੂੰ ਤਰਨਾ, ਅਸਲ ਸਿੱਖੀ ਦਾ ਆਤਮਕ ਰਾਹ ਹੈ।

(2) ਆਪਣੇ ਸਾਰੇ ਕੁਝ ਦਾ **ਦੂਜਾ ਪੱਖ ਹੈ ਮੇਰੀ ਜਾਨ, ਮੇਰਾ ਜੀਵਨ।** ਅਸਲ ਵਿਚ ਮੇਰੀਆਂ ਪ੍ਰਾਪਤੀਆਂ ਤਾਂ ਹੀ ਮੇਰੇ ਕੋਲ ਹਨ, ਕਿਉਂਕਿ ਮੇਰਾ ਜੀਵਨ ਮੇਰੇ ਕੋਲ ਕਾਇਮ ਹੈ। ਜਾਨ ਹੈ ਤਾਂ ਜਹਾਨ ਹੈ। ਜੇ ਜਾਨ ਹੀ ਨਹੀਂ ਤਾਂ ਜਹਾਨ ਕਿਸ ਕੰਮ! ਭਾਵੇਂ ਮਨੁੱਖ ਜਾਨ ਜਾਂ ਜੀਵਨ ਪੱਖ ਨੂੰ ਸਮਝਦਾ ਤਾਂ ਇਹੀ ਹੈ ਕਿ "ਇਹ ਤਾਂ ਮੇਰੇ ਕੋਲ ਹੈ ਹੀ" ਪਰ ਆਪਣੀ ਜਾਨ ਤੇ ਖਤਰੇ ਦੇ ਸਮੇਂ ਮਨੁੱਖ ਆਪਣੀਆਂ ਪ੍ਰਾਪਤੀਆਂ ਵਾਲੇ ਸਾਰੇ ਪੱਖ ਗੁਆਣ ਲਈ ਵੀ ਤਿਆਰ ਹੁੰਦਾ ਹੈ, ਜੇ ਜੀਵਨ ਬੱਚ ਜਾਵੇ। ਮਹਾਰਾਜ ਨੇ ਲਿਖਿਆ ਹੈ ਕਿ ਮੌਤ ਦੇ ਰੋਣਿਆਂ ਵਿਚ ਵੀ ਆਪਣੀ ਜਾਨ ਸੰਭਾਲ ਦੀ ਭਾਵਨਾ ਖਤਮ ਨਹੀਂ ਹੁੰਦੀ। ਸਗੋਂ ਰੋਣਾ ਧੋਣਾ ਰਿਸ਼ਤੇਦਾਰੀ ਦਾ ਇਤਨਾ ਪ੍ਰੇਮ ਨਹੀਂ ਹੁੰਦਾ ਜਿਤਨਾ ਅਪਣੇ ਜੀਵਨ ਜਾਣ ਦਾ ਭੈ ਲਗਣਾ।

*ਭੈ ਰੋਵਹਿ ਗੁਣ ਸਾਰ ਸਮਾਲੇ*
*ਕੋ ਮਰੈ ਨ ਮੁਇਆ ਨਾਲੇ।*

ਮਰਿਆਂ ਹੋਇਆਂ ਨਾਲ ਮਰਨ ਨੂੰ ਕੋਈ ਤਿਆਰ ਨਹੀਂ ਹੁੰਦਾ। ਜੀਵਨ ਵਿਚ ਸਭ ਤੋਂ ਕੀਮਤੀ ਵਸਤੂ ਇਹ ਜੀਵਨ ਹੀ ਹੈ।

ਇਸ ਲਈ "ਆਪਣੇ ਸਾਰੇ ਕੁਝ" ਦਾ ਅਸਲ ਰੂਪ ਮੇਰਾ ਜੀਵਨ ਜਾਂ ਮੇਰੀ ਜਾਨ ਹੈ। ਮੇਰੇ ਜੀਵਨ ਦਾ ਪ੍ਰਤੀਕ ਮੇਰੀ ਲਤ, ਬਾਂਹ, ਨੱਕ, ਅੱਖ ਜਾਂ ਕੰਨ ਨਹੀਂ ਹਨ- ਇਹ ਇਕ ਅੱਧਾ ਖਰਾਬ ਹੋ ਜਾਵੇ, ਟੁਟ ਵੀ ਜਾਵੇ ਤਾਂ ਵੀ (ਭਾਵੇਂ ਔਖਾ) ਜੀਵਨ ਕਾਇਮ ਰਹਿੰਦਾ ਹੈ। ਜੀਵਨ ਦਾ ਪ੍ਰਤੀਕ ਸਿਰ ਜਾਂ ਸੀਸ ਹੈ।

ਕਿਉਂਕਿ ਪ੍ਰਾਪਤੀ ਪੱਖ ਵੀ ਜੀਵਨ ਵਿਚ ਤੇ ਜੀਵਨ ਨਾਲ ਹੀ ਹੋ ਸਕਦਾ ਹੈ, ਇਸ ਲਈ ਸਿਰ ਦੇਣਾ ਜਾਂ ਸੀਸ ਭੇਟ ਕਰਨਾ ਹਉਮੈ ਜਾਂ ਪ੍ਰਾਪਤੀ ਦੇ ਪੱਖ ਤੇ ਜੀਵਨ ਦੇ ਪੱਖ-ਦੋਨਾਂ ਦੀ ਇਕੋ ਵਾਰ ਪ੍ਰਤੀਨਿਧਤਾ ਵੀ ਕਰਦਾ ਹੈ। ਜੇ ਸੀਸ ਹੀ ਭੇਟ ਕਰ ਦਿਤਾ



Sri Satguru Jagjit Singh Ji eLibrary NamdhariElibrary@gmail.com

ਤਾਂ ਮੇਰਾ ਬਾਕੀ ਕੁਝ ਵੀ ਨਹੀਂ ਰਹਿੰਦਾ। ਜੇ ਕਿਸੇ ਇਸਤਰੀ ਨੇ ਫੈਸਲਾ ਕਰ ਲਿਆ ਕਿ ਉਹ ਪਤੀ-ਵਿਹੀਨ ਜੀਵਨ ਦੀ ਬਜਾਏ ਸਤੀ ਹੋਵੇਗੀ ਤਾਂ ਉਹ ਘਰ ਦੇ ਕਾਂਡੇ ਗਿਣਨ ਵਿਚ ਜਾ ਸਾੜਨ ਵਿਚ ਨਹੀਂ ਲਗਦੀ।

ਗੁਰੂ ਅਗੇ ਸਿੱਖ ਪ੍ਰਾਪਤੀ ਵਾਲੀ ਹਉਮੈਂ ਤੇ ਸੀਸ ਦੋਨੋ ਭੇਟ ਕਰਦਾ ਹੈ। ਤਦੇ ਹੀ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ ਕਿ ਜੇ ਪ੍ਰੇਮ ਖੇਲਣ ਦਾ ਚਾਉ ਹੈ ਤਾ ਸਿਰ ਤਲੀ ਤੇ ਰੱਖ ਕੇ ਆਓ, ਭਾਵ ਆਪਣਾ ਸਾਰਾ ਕੁਝ, ਸੀਸ ਸਮੇਤ, ਭੇਟ ਕਰਨਾ ਹੀ ਗੁਰੂ ਤੇ ਸਿੱਖ ਦੀ ਪ੍ਰੇਮ-ਖੇਡ ਹੈ। ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਵਿਚ ਵੀ ਇਸ ਦਾ ਸੁੰਦਰ ਚਿਤਰਨ ਕੀਤਾ ਹੈ:

*ਐਸਾ ਸਤਿਗੁਰੁ ਜੇ ਮਿਲੈ ਤਿਸਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ।*

ਗੁਰੂ ਕੋਲ ਆ ਕੇ ਮੱਥਾ ਟੇਕਣ ਦਾ ਭਾਵ ਵੀ ਅੰਤ੍ਰੀਵ ਰੂਪ ਵਿਚ ਇਹੋ ਹੈ ਕਿ ਹਉਮੈ ਦਾ ਸੰਪੂਰਣ ਤਿਆਗ ਅਤੇ ਸੀਸ ਗੁਰੂ ਚਰਨਾ ਵਿਚ ਹਾਜ਼ਰ ਕਰਨਾ। ਸਗੋਂ ਸਿਖੀ ਰਵਾਇਤਾਂ ਅਨੁਸਾਰ ਸਿੱਖ ਸਦਾ ਗੁਰੂ ਅਗੇ ਹੱਥ ਜੋੜ ਕੇ ਸੀਸ ਹਾਜ਼ਰ ਲੈ ਕੇ ਭੇਟਾ ਲਈ ਤਤਪਰ ਹੁੰਦਾ ਹੈ ਤੇ ਜਦ ਜ਼ਰਾ ਵੀ ਸੰਕੇਤ ਮਿਲੇ ਕਿ ਗੁਰੂ ਨੂੰ ਸੰਪੂਰਣ ਸੇਵਾ, ਅਥਵਾ ਸੀਸ ਭੇਟ ਦੀ ਲੋੜ ਹੈ ਤਾਂ ਸਿੱਖ ਕਹਿੰਦਾ ਹੈ- "ਸੀਸ ਤਾਂ ਹੈ ਹੀ ਤੇਰਾ। ਮੈਂ ਤੇਰਾ ਬਣਿਆ ਤਾਂ ਇਹ ਤੁਹਾਨੂੰ ਦੇ ਦਿੱਤਾ ਸੀ। ਮੇਰੇ ਕੋਲ ਇਹ ਤੇਰੀ ਅਮਾਨਤ ਹੈ, ਜਦੋਂ ਤੂੰ ਚਾਹੇ ਲੈ ਸਕਦਾ ਹੈ।" (ਮੇਰਾ ਮੁਝ ਮਹਿ ਕਿਛੁ ਨਹੀਂ, ਜੋ ਕਿਛੁ ਹੈ ਸੋ ਤੇਰਾ")

ਗੁਰੂ ਹਰਿ ਗੋਬਿੰਦ ਸਾਹਿਬ ਨੇ ਮੀਰੀ ਨੂੰ ਜਦੋਂ ਪੀਰੀ ਨਾਲ ਰਲਾਣ ਦਾ ਨਿਸ਼ਾਨ ਦੋ ਕਿਰਪਾਨਾ ਰੱਖ ਕੇ ਕੀਤਾ ਅਤੇ ਸਿਖਾਂ ਨੂੰ ਫੌਜ ਵਿਚ ਭਰਤੀ ਹੋ ਕੇ ਜਾਨ ਵਾਰਨ ਦਾ ਸੰਕਲਪ ਦਿਤਾ ਤਾਂ ਉਹ ਚਲਦੀ ਸਿੱਖ ਰਵਾਇਤ ਦਾ ਹੀ ਰੂਪ ਅਗੇ ਲਿਆ ਰਹੇ ਸਨ। ਸਿੱਖੀ ਦੀ ਦਾਰਸ਼ਨਿਕਤਾ ਨੂੰ ਹੋਰ ਸਪਸ਼ਟ ਕਰ ਰਹੇ ਸਨ। ਕਿਸੇ ਵਕਤੀ ਦਬਾਅ ਹੇਠਾਂ ਸਿਖੀ ਦਾਰਸ਼ਨਿਕਤਾ ਨੂੰ ਬਦਲ ਨਹੀਂ ਰਹੇ ਸਨ ਸਗੋਂ ਅਣਸੁਖਾਵੇਂ ਹਾਲਾਤ ਵਿਚ ਸੀਸ-ਭੇਟ ਕਰਨ ਦਾ ਸਹੀ ਅਰਥ ਪ੍ਰਗਟਾ ਰਹੇ ਸਨ। ਸੰਕਲਪ ਦੇ ਦ੍ਰਿਸਟੀ ਕੋਣ ਤੋਂ ਇਵੇਂ ਹੀ, ਇਸੇ ਹੀ ਲੀਹ ਤੇ ਤੁਰਦੇ ਹੋਏ, ਗੁਰੂ ਤੇਗ ਬਹਾਦਰ ਸਾਹਿਬ, ਭਾਈ ਦਿਆਲਾ ਜੀ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ ਸੀਸ ਭੇਟ ਕਰਨ ਦਿਲੀ ਪਹੁੰਚੇ ਸਨ ਅਤੇ ਦਿਲੀ ਪਹੁੰਚ ਕੇ ਸੀਸ ਭੇਟ ਕਰਕੇ ਗੁਰੂ ਨਾਨਕ ਦੇ "ਸਿਰੁ ਧਰਿ ਤਲੀ ਗਲੀ ਮੇਰੀ ਆਉ" ਦੇ ਮਾਰਗ ਨੂੰ ਆਪ ਜੀਅ ਕੇ, ਤੇ ਜੀਵਨ ਦੇ ਕੇ ਗੁਰੂ ਤੇਗ ਬਹਾਦਰ ਸਾਹਿਬ ਨੇ ਪ੍ਰਗਟਾਇਆ। ਇਸ ਤੋਂ ਪਹਿਲਾ 25-30 ਮਈ 1606 ਦੀ ਗੁਰੂ ਅਰਜਨ ਸਾਹਿਬ ਜੀ (ਗੁਰੂ ਤੇਗ ਬਹਾਦਰ ਜੀ ਦੇ ਦਾਦਾ ਜੀ) ਦੀ ਜੀਵਨ ਗਾਥਾ ਵੀ "ਸਤਿਗੁਰ ਆਗੇ ਸੀਸ ਭੇਟ ਦਿਉ" ਦੀ ਪ੍ਰਤੱਖ ਮਿਸਾਲ ਸੀ: ਕਿਉਂਕਿ ਗੁਰੂ ਅਰਜਨ ਸਾਹਿਬ ਨੇ ਸੱਚ-ਸਚਿਆਰ ਦੇ ਰਾਹ ਨੂੰ, ਗੁਰੂ ਨਾਨਕ ਦੇ ਮਾਰਗ ਨੂ ਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ, ਰੱਬੀ ਨੂਰ ਨੂੰ ਤਸੀਹੇ ਸਹਿ ਕੇ, ਸੀਸ ਭੇਟ ਕਰਕੇ, ਆਪਣਾ ਸਭ ਕੁਝ ਦੇ ਕੇ ਕਾਇਮ ਰੱਖਿਆ ਸੀ।



Sri Satguru Jagjit Singh Ji eLibrary NamdhariElibrary@gmail.com

1699 ਦੀ ਵਿਸਾਖੀ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਨੰਗੀ ਤਲਵਾਰ ਲੈ ਕੇ ਸੀਸ- ਭੇਟ ਦੀ ਮੰਗ ਕੀਤੀ ਸੀ ਤਾਂ ਉਹ ਸਿਖ-ਜੀਵਨ ਫਿਲਾਸਫੀ ਦੀ ਪ੍ਰਪਕਤਾ ਦੀ ਅੰਤਮ ਮੁਹਰ ਲਾਣ ਤੋਂ ਪਹਿਲਾਂ, ਸਿੱਖੀ ਦੇ ਅਧਾਰ ਮੂਲ ਅਸੂਲ ਨੂੰ ਚੇਤੇ ਕਰਾ ਰਹੇ ਸਨ ਕਿ ਜੋ ਗੁਰੂ ਨਾਨਕ ਨੇ ਦਸਿਆ, ਗੁਰੂ ਅਰਜਨ ਤੇ ਗੁਰੂ ਤੇਗ ਬਹਾਦਰ ਰੂਪ ਵਿਚ ਆਪ ਕੀਤਾ: ਕੀ ਸਿਖ ਵੀ ਉਹ ਕੁਝ ਕਰਨ ਲਈ ਸਿਧੇ ਸਾਧਾਰਣ ਰੂਪ ਵਿਚ ਤਿਆਰ ਹਨ ਕਿ ਨਹੀਂ।। ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਸੰਕਟ ਸਥਿਤੀ ਵਿਚ ਇਹ ਟੈਸਟ ਪਾਸ ਕਰ ਚੁਕੇ ਸਨ। ਸਿੱਖੀ ਕਾਇਮ ਹੀ ਸੀ।। ਪਰ ਕੀ ਭਰੀ ਸਭਾ ਵਿਚ, ਖੁਲ੍ਹੇ ਤੌਰ ਤੇ ਅਤੇ ਖੁਲ੍ਹੀ ਚੋਣ ਵਿਚ ਵੀ ਸਿੱਖ ਸੀਸ ਭੇਟ ਕਰਨ ਨੂੰ ਸਮਝ ਚੁਕੇ ਸਨ ਕਿ ਨਹੀਂ। ਧੰਨ ਸਿਖ ਤੇ ਧੰਨ ਸਿਖੀ।। ਸਿਖਾਂ ਨੇ ਸਮੁੱਚੇ ਰੂਪ ਵਿਚ ਖੁਲ੍ਹੇ ਟੈਸਟ ਨੂੰ ਵੀ ਪਾਸ ਕੀਤਾ।। ਗੁਰੂ ਨੇ ਪੰਜ ਵਾਰ ਮੰਗਿਆ ਸੀਸ।। ਪੰਜੇ ਵਾਰ ਗੁਰੂ ਦਾ ਕੋਈ ਨ ਕੋਈ ਪਰਪੱਕ ਸਿੱਖ ਹਾਜ਼ਰ ਸੀ- ਸੀਸ ਤਾਂ ਪਹਿਲਾਂ ਹੀ ਤੇਰੀ ਅਮਾਨਤ ਹੈ।" ਇੰਜ ਸਿਖਾਂ ਨੂੰ ਅੰਮ੍ਰਿਤ ਦੀ ਦਾਤ ਮਿਲੀ।

### (ਅ) ਹਰ ਸਮੇਂ ਮੌਤ ਲਈ ਤਿਆਰ ਰਹਿਣਾ

ਸਿਖੀ ਮੌਤ ਤੋਂ ਪਰ੍ਹੇ ਹੱਟ ਕੇ ਜਾਂ ਉਸ ਤੋਂ ਬੱਚ ਕੇ ਨਿਕਲਨਾ ਨਹੀਂ। ਮੌਤ ਲਈ ਹਰ ਸਮੇਂ ਤਿਆਰ ਰਹਿਣਾ ਸਿੱਖ ਦੇ ਜੀਵਨ ਦਾ ਇਕ ਸਾਧਾਰਣ ਜਿਹਾ ਕਾਰਜ ਹੈ ਜੋ ਉਹ ਮਨ, ਆਤਮਾ ਕਰਕੇ ਆਪਣਾ ਸੀਸ ਗੁਰੂ ਨੂੰ ਭੇਟਾ ਕਰ ਚੁਕਾ ਹੈ। ਸਿਖੀ ਵਿਚ ਮੁਢਲਾ ਪ੍ਰਵੇਸ਼ ਹੀ "ਪਹਿਲਾਂ ਮਰਣੁ ਕਬੂਲਿ" ਹੈ। ਇੱਥੇ ਤਾਂ ਗਲ ਬੜੀ ਸਪਸ਼ਟ ਹੈ:

*ਇਤੁ ਮਾਰਗਿ ਪੈਰੁ ਧਰੀਜੈ।*
*ਸਿਰੁ ਦੀਜੈ ਕਾਣਿ ਨ ਕੀਜੈ।।*

ਜਿਸ ਇਸਤਰੀ ਨੇ ਸਤੀ ਹੋਣ ਦਾ ਸੰਕਲਪ ਲੈ ਹੀ ਲਿਆ ਫਿਰ "ਮਰਣੇ ਤੇ ਕਿਆ ਡਰਪਣਾ"।।

ਜੇ ਮਨ ਵੀ ਗੁਰੂ ਦਾ, ਤਨ ਵੀ ਗੁਰੂ ਦਾ, ਧੰਨ ਵੀ ਗੁਰੂ ਦਾ ਤਾਂ ਮੌਤ ਤੋਂ ਕਿਸ ਲਈ ਤੇ ਕਿਉਂ ਭਜਣਾ ਹੈ। ਸਿਖੀ ਵਿਚ ਪ੍ਰਵੇਸ਼, ਅੰਮ੍ਰਿਤ ਲੈਣ ਦੀ ਵਿਧੀ ਵਿਚ, ਨਿਹੰਗ ਸਿੰਘਾਂ ਦੀ ਇਕ ਕਮਾਲ ਦੀ ਰਵਾਇਤ ਹੁੰਦੀ ਸੀ। ਜਿਨ੍ਹਾਂ ਨੇ ਅੰਮ੍ਰਿਤ ਛਕਣਾ ਹੋਵੇ ਤਾਂ ਉਹ ਦਰਵਾਜ਼ੇ ਤੋਂ ਲੰਘਦੇ ਸਮੇਂ ਫੇਰ ਵੰਗਾਰੇ ਜਾਂਦੇ ਸਨ- "ਕਿਧਰ ਜਾ ਰਹੇ ਹੋ?" ਅੰਮ੍ਰਿਤ ਛਕਣ ਲਈ। ਫੇਰ ਹੋਰ ਕਰੜੀ ਆਵਾਜ਼ ਵਿਚ ਪੁਛਿਆ ਜਾਂਦਾ-"ਪਤਾ ਹੈ, ਅੰਮ੍ਰਿਤ ਸੀਸ ਭੇਟ ਕਰਕੇ ਮਿਲਦਾ ਹੈ। ਤੂੰ ਮੌਤ ਲਈ ਤਿਆਰ ਹੈਂ?" ਜੀ, ਮੈਂ ਸਦਾ ਤਿਆਰ ਹਾਂ।

1699 ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਂ ਨੂੰ ਅਨੰਦਪੁਰ ਸਾਹਿਬ ਦਰਬਾਰ ਵਿਚ ਬੁਲਾਇਆ ਸੀ।। ਹੁਕਮਨਾਮੇ ਵਿਚ ਇਹ ਸ਼ਰਤ ਨਾਲ ਨਹੀਂ ਸੀ, ਨਾਹੀ ਸੰਕੇਤ ਸੀ ਕਿ "ਸੀਸ-ਭੇਟ" ਲੈ ਕੇ ਆਵੋ। ਗੁਰੂ ਸਾਹਿਬ ਨੇ ਕਿਰਪਾਨ ਲਿਸ਼ਕਾ ਕੇ ਸੀਸ ਮੰਗਿਆ ਸੀ ਤਾਂ ਇਹੀ ਵਿਚਾਰ ਸੀ ਉਨ੍ਹਾਂ ਕੋਲ ਕਿ ਸਿੱਖ ਤਾਂ ਹਰ ਵੇਲੇ ਮੌਤ ਲਈ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਤਿਆਰ ਹੁੰਦਾ ਹੈ। ਸੀਸ ਤਾਂ ਸਿਖ ਬਣਦੇ ਹੀ ਭੇਟਾ ਕਰ ਚੁਕਿਆ ਹੈ ਇਸ ਲਈ ਉਸ ਨੂੰ ਯਾਦ ਦਿਵਾਣ ਦੀ ਲੋੜ ਨਹੀਂ, ਹੁਕਮ ਨਾਮੇ ਵਿਚ ਲਿਖਣ ਦੀ ਲੋੜ ਨਹੀਂ।

ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਕੇ, ਚਮਕੌਰ ਸਾਹਿਬ ਦੋ ਵੱਡੇ ਬੱਚਿਆਂ ਨੂੰ ਹੱਥੀਂ ਤਿਆਰ ਕਰਕੇ ਯੁੱਧ ਵਿਚ ਸ਼ਹੀਦੀ ਹੋਣ ਲਈ ਭੇਜ ਕੇ, ਉਚ ਦੇ ਪੀਰ ਬਣ ਨਿਕਲ ਕੇ, ਮਾਛੀਵਾੜੇ ਤੋਂ ਛੋਟੇ ਬੱਚਿਆਂ ਬਾਰੇ ਸ਼ਹੀਦੀ ਦਾਸਤਾਨ ਸੁਣ ਕੇ, ਮੁਕਤਸਰ ਵਿਚ ਬੇਦਾਵੇ ਵਾਲੇ ਸਿਖਾਂ ਨੂੰ ਮੁਕਤ ਕਰਕੇ ਗੁਰੂ ਗੋਬਿੰਦ ਸਿੰਘ 1706 ਈਸਵੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਪਹੁੰਚੇ। ਗੁਰੂ ਪ੍ਰੇਮੀ ਭਾਈ ਡੱਲਾ ਜੀ ਆਣ ਕੇ ਮਿਲੇ ਤੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ "ਯੁੱਧ ਦੇ ਔਖੇ ਸਮੇਂ ਮੈਨੂੰ ਤੇ ਮੇਰੇ ਬਰਾੜ ਸਿਪਾਹੀਆਂ ਨੂੰ ਬੁਲਾ ਲੈਂਦੇਂ। ਸ਼ਾਇਦ ਇਹ ਦੁਖਦ ਘਟਨਾਵਾਂ ਨਾਂਹ ਹੁੰਦੀਆਂ।" ਸਤਿਗੁਰੂ ਜਾਣੀ ਜਾਣ ਨੇ ਲਾਹੌਰ ਦੇ ਸਿੱਖ ਦੀ ਲਿਆਂਦੀ ਬੰਦੂਕ ਦਾ ਨਿਸ਼ਾਨਾ ਪਰਖਣ ਲਈ ਭਾਈ ਡੱਲੇ ਨੂੰ ਕਿਹਾ ਕਿ ਉਹ ਆਪਣੇ ਸਿਪਾਹੀ ਪੇਸ਼ ਕਰੇ। ਜਦੋਂ ਮਹੀਨੇ ਦੀ ਤਨਖਾਹ ਪਾਂਦੇ ਸਿਪਾਹੀਆਂ ਨੇ ਇਨਕਾਰ ਕੀਤਾ ਤਾਂ ਭਾਈ ਡਲੇ ਨੂ ਕਿਹਾ ਕਿ ਸਿਖਾਂ ਦੇ ਕੈਂਪ ਵਿਚ ਕਿਸੇ ਨੂੰ ਵਾਜ ਮਾਰੇ ਕਿ ਸਤਿਗੁਰੂ ਨੇ ਨਿਸ਼ਾਨਾ ਬੰਦੂਕ ਦਾ ਪਰਖਣਾ ਹੈ-ਸਿਖ ਦੀ ਲੋੜ ਹੈ। ਦੋ ਸਿਖਾਂ ਨਾਲ ਗਲ ਹੋਈ ਦੋਨੋ ਭਜ ਪਏ-ਬਾਬਾ ਬੀਰ ਸਿੰਘ ਤੇ ਬਾਬਾ ਧੀਰ ਸਿੰਘ। ਇਕ ਭਾਂਡੇ ਮਾਂਜਦੇ ਹੋਏ ਭੱਜ ਕੇ ਆਇਆ। ਇਕ ਦਸਤਾਰ ਸਜਾਂਦਾ ਭੱਜ ਕੇ ਆਇਆ। ਦੋਨੋਂ ਤਿਆਰਬਰ ਤਿਆਰ, ਤਤਪਰ, ਕਾਹਲੇ, ਅਗੇ ਪਿਛੇ ਭੱਜਣ ਕਿ ਨਿਸ਼ਾਨਾ ਮੇਰੇ ਤੇ ਪਰਖੋ। ਇਹ ਹੈ ਸਿਖੀ ਵਿਚ ਮੌਤ ਲਈ ਤਿਆਰ ਰਹਿਣ ਦਾ ਤੇ ਤਨਖਾਹ ਤੇ ਪਲਦੇ ਸਿਪਾਹੀ ਦਾ ਜੰਗ ਵਿਚ ਲੜਨ ਦਾ ਫਰਕ।

22 ਜਨਵਰੀ 1760 ਈਸਵੀ ਨੂੰ ਬਾਬਾ ਦੀਪ ਸਿੰਘ ਜੀ ਨੇ 78 ਸਾਲ ਦੀ ਉਮਰ ਵਿਚ ਹੱਥ ਵਿਚ ਤੇਗਾ ਲੈ ਕੇ ਲਕੀਰ ਲਾ ਕੇ ਵੰਗਾਰ ਦਿਤੀ ਸੀ ਕਿ ਉਹੀ ਇਸ ਲਕੀਰ ਨੂੰ ਪਾਰ ਕਰਨ ਜੋ ਮਰਨ ਲਈ ਤਿਆਰ ਹਨ। ਸਿੰਘਾਂ ਦੀ ਇਕ ਵਹੀਰ ਇਸ ਬਾਬੇ ਨਾਲ ਤੁਰ ਪਈ ਕਿ ਅੰਮ੍ਰਿਤ ਸਰੋਵਰ ਨੂੰ ਜਾਲਮਾਂ ਤੋਂ ਛੁਡਾਉਂਣ ਲਈ ਜਾਨਾਂ ਵਾਰਨ ਲਈ ਸਭ ਤਿਆਰ ਹਾਂ।

ਮੌਤ ਲਈ ਹਰ ਸਮੇਂ ਤਿਆਰ ਹੋਣ ਵਾਲਾ ਮੌਤ ਦੇ ਭੈ ਤੋਂ ਸਦਾ ਮੁਕਤ ਹੋ ਜਾਂਦਾ ਹੈ ਅਤੇ ਜੀਵਨ ਦੇ ਸਹੀ ਸੁਆਦ ਨੂੰ ਬੇਫਿਕਰ ਹੋ ਕੇ ਮਾਣਦਾ ਹੈ। ਉਹ ਵਿਚਾਰਾ ਨਹੀਂ, ਉਹ ਭਾਗਸ਼ਾਲੀ ਹੈ ਕਿ ਇਨਸਾਨੀ ਫਿਤਰਤ ਦੀ ਸਭ ਤੋਂ ਵੱਡੀ ਕਮਜ਼ੋਰੀ, ਮੌਤ, ਤੋਂ ਭਜਣ ਜਾਂ ਮੌਤ ਤੋਂ ਪਰ੍ਹੇ ਹਟਣ ਦੀ ਸਟੇਜ ਤੋਂ ਉਚਾ ਹੋ ਕੇ ਉਹ ਬਹੁਤ ਅਗੇ ਲੰਘ ਜਾਂਦਾ ਹੈ।

ਸੀਸ ਭੇਟ ਕਰਨਾ ਗੁਰੂ ਅਗੇ ਦਿਤਾ ਆਤਮ ਸਮਰਪਣ ਹੈ। ਹਉਮੈ ਦਾ ਸੰਪੂਰਣ ਵਿਨਾਸ਼ ਤੇ ਗੁਰੂ ਨਾਲ ਦ੍ਵੈ ਤੋਂ ਇਕ ਰੂਪ ਹੋਣ ਦਾ ਪ੍ਰਣ ਹੈ। ਮੌਤ ਲਈ ਤਿਆਰ ਰਹਿਣਾ ਇਸ ਆਤਮਕ ਫੈਸਲੇ ਦਾ ਸੰਸਾਰੀ ਕਾਰਜਸ਼ੀਲਤਾ ਵਿਚ ਪਹਿਲਾ ਕਦਮ ਹੈ। ਸੀਸ ਭੇਟ ਮਨ-ਆਤਮਾਂ ਦਾ ਅੰਤਮ ਨਿਰਣਾ ਹੈ। ਮੌਤ ਲਈ ਤਿਆਰ ਰਹਿਣਾ ਉਸ ਨਿਰਣੇ ਨੂੰ ਅਮਲੀ ਜਾਮਾ ਪਹਿਨਾਣ ਦਾ ਮੁਢਲਾ ਇਨਸਾਨੀ ਕਦਮ ਹੈ।



Sri Satguru Jagjit Singh Ji eLibrary NamdhariElibrary@gmail.com

ਸੀਸ ਭੇਟ ਕਰਨ ਦਾ ਅਸਲੋਂ ਵਕਤ ਕਦੋਂ ਆਵੇਗਾ ਅਥਵਾ ਮੌਤ ਦੀ ਆਮਦ ਕਦੋਂ ਹੋਵੇਗੀ ਇਹ ਤਾਂ ਇਸ ਰਣਤੱਤੇ ਵਿਚ ਜੂਝਦੇ ਮਨੁੱਖ ਦੀ ਕਰਮਾਂ ਦੀ ਖੇਡ ਹੈ। ਪਰ ਆਤਮਕ ਪਰਪੱਕਤਾ, ਅਤੇ ਆਪਣੀ ਪੂਰੀ ਤਿਆਰੀ ਹੀ ਮਨੁੱਖੀ ਕਰਤੱਵ ਹੈ। ਇਸ ਮਨ-ਆਤਮਾ ਦੇ ਨਿਰਣੇ ਅਤੇ ਆਪਣੀ ਤਿਆਰੀ ਦੇ ਪਿੱਛੇ ਕੀ ਭਾਵਨਾ, ਕੀ ਬਿਰਤੀ ਕੰਮ ਕਰ ਰਹੀ ਹੈ। ਅਥਵਾ ਮਨੁੱਖੀ ਮਨ ਕਿਸ ਦ੍ਰਿਸ਼ਟੀ ਕੋਣ ਤੋਂ ਅਤੇ ਕਿਵੇਂ ਇਸ ਨਿਰਣੇ ਅਤੇ ਕਾਰਜ ਨੂੰ ਸਾਹਮਣੇ ਲਿਆਂਦਾ ਹੈ ਇਹ ਹਨ ਦੂਜੇ ਦੋ ਪੱਖ ਜੋ ਅਸਾਂ ਹੁਣ ਵਿਚਾਰਨੇ ਹਨ॥

## (ੲ) ਸੂਰਮਿਆਂ ਦੀ ਮੌਤ ਮਰਨਾ ਆਪਣਾ ਹੱਕ ਸਮਝਣਾ

ਕਾਇਰ ਮੌਤ ਤੋਂ ਡਰਦਾ ਹੈ। ਉਸ ਵਾਸਤੇ ਮੌਤ ਭੈ ਇਸ ਲਈ ਹੈ ਕਿ ਉਹ ਜੀਣਾ ਲੋਚਦਾ ਹੈ। ਉਹ ਜੀਵਨ ਨੂੰ ਬਚਾਂਦਾ ਹੈ। ਉਸਨੇ ਜੀਵਨ ਅਰਪਨ ਨਹੀਂ ਕੀਤਾ। ਪਰ ਜਿਸਨੇ ਜੀਵਨ ਅਰਪਨ ਕੀਤਾ ਹੋਇਆ ਹੈ ਆਪਣੇ ਪਿਆਰੇ ਗੁਰੂ ਅਗੇ, ਉਸ ਲਈ ਅਰਪਨਾ ਦੀ ਸ੍ਵੀਕ੍ਰਿਤੀ ਹੀ ਮੌਤ ਹੈ। ਇਸ ਲਈ ਸੂਰਮਿਆਂ ਦੀ ਮੌਤ ਨੂੰ ਉਹ ਆਪਣੀ ਭੇਟਾ ਦੀ ਪੂਰਤੀ ਸਮਝਦਾ ਹੈ। ਇਸ ਮੌਤ ਤੇ ਆਪਣਾ ਹੱਕ ਸਮਝਦਾ ਹੈ।

*ਮਰਣੁ ਮੁਣਸਾ ਸੂਰਿਆ ਹਕੁ ਹੈ*
*ਜੋ ਹੋਇ ਮਰਨਿ ਪਰਵਾਣੋ॥* (ਗੁਰੂ ਗ੍ਰੰਥ ਸਾਹਿਬ ਪੰਨਾ 580)

ਇਉਂ ਪਰਵਾਨ ਹੋ ਕੇ ਦਰਗਾਹੀ ਮਾਣ ਪ੍ਰਾਪਤ ਹੁੰਦਾ ਹੈ। ਇੰਜ ਜੀਵਨ ਦਾ ਪਰਵਾਨ ਚੜ੍ਹਨਾ ਹੀ ਮੌਤ ਹੈ। ਇਸ ਲਈ ਭਾਵਨਾ ਆਪਣੀ ਦਿਤੀ ਭੇਟ ਦੀ ਪਰਵਾਨਗੀ ਦੀ ਖੁਸ਼ੀ ਦੀ ਹੈ। ਆਪਣਾ ਹੱਕ ਆਪ ਪ੍ਰਾਪਤ ਕਰ ਲੈਣ ਦੀ ਤਸਲੀ ਹੈ।

ਸੂਰਮਿਆਂ ਦੀ ਮੌਤ ਦਾ ਇਕ ਭਾਵ ਇਹ ਵੀ ਹੈ ਕਿ ਰਣ ਵਿਚ ਜੂਝ ਮਰਨਾ ਅਥਵਾ ਜੀਵਨ ਦੇ ਆਖਰੀ ਸ੍ਵਾਸ ਤੱਕ ਬਹਾਦਰੀ ਨਾਲ ਲੜਦੇ ਰਹਿਣਾ। ਅਜੇਹੇ ਮਨੁੱਖ ਲਈ ਮੌਤ ਮੰਜਲ ਵੱਲ ਜਾਂਦਾ ਰਾਹ ਹੈ। ਮੰਜਲ ਗੁਰੂ ਦੀ ਖੁਸ਼ੀ, ਤੇ ਗੁਰੂ ਦੇ ਹੁਕਮ ਤੇ ਆਪਣਾ ਸਭ ਕੁਝ ਕੁਰਬਾਨ ਕਰਨਾ ਹੈ- ਆਪਣਾ ਸੀਸ ਭੇਟ ਕਰਨਾ ਹੈ। ਮੰਜਲ ਦੀ ਪ੍ਰਾਪਤੀ ਦਾ ਮੁਢਲਾ ਕਦਮ, ਮੌਤ ਲਈ ਹਰ ਵੇਲੇ ਤਿਆਰ ਹੋਣਾ ਹੈ। ਇਸ ਰਾਹ ਤੇ ਤੁਰਨ ਦੀ ਭਾਵਨਾ ਇਹੋ ਹੈ ਕਿ ਸੂਰਮਿਆਂ ਦੀ ਮੌਤ ਮਰਨਾ ਮੇਰਾ ਹੱਕ ਹੈ, ਮੇਰਾ ਮਾਣ ਹੈ। ਮੁਕਤਸਰ ਦੇ ਸ਼ਹੀਦ ਆਪਣਾ ਗੁਆਚਿਆ ਹੱਕ ਵਾਪਸ ਲੈਣ ਲਈ ਮਾਤਾ ਭਾਗਭਰੀ ਦੀ ਅਗਵਾਈ ਵਿਚ ਆਏ ਸਨ। ਆਪਣਾ ਹੱਕ ਆਪਣੀ ਗਲਤੀ ਨਾਲ ਗੁਆ ਬੈਠੇ ਸਨ। ਆਪਣੀ ਭਾਵਨਾ, ਗਲਤੀ ਨਾਲ, "ਜੀਣਾ" ਬਣਾ ਬੈਠੇ ਸਨ। ਮਾਤਾ ਭਾਗਭਰੀ ਨੇ ਹੱਕ ਦੀ ਪਛਾਣ ਕਰਵਾਈ। ਮੌਤ ਤੋਂ ਭਜ ਚੁਕਿਆਂ ਨੇ ਆਪੇ ਮੌਤ ਨੂੰ ਵਾਜ ਮਾਰ ਕੇ ਆਪਣਾ ਹੱਕ ਜਤਾਇਆ। ਸਤਿਗੁਰੂ ਇਹ ਹੱਕ ਦੇਣ ਲਈ ਆਪ ਚੱਲ ਕੇ ਅੱਗੋਂ ਆਏ। ਇੰਜ ਬੇਦਾਵਾ ਪਾਟ ਗਿਆ। ਟੁਟੀ ਗੰਢੀ ਗਈ।

ਸਿਖਾਂ ਦੀ ਅਸਲੋਂ ਭੁਲ ਕੀ ਸੀ? ਸੋਝੀ ਕੀ ਆਈ? ਇਹ ਬੜੀ ਸੂਖਮ ਦਾਰਸ਼ਨਿਕ



Sri Satguru Jagjit Singh Ji eLibrary NamdhariElibrary@gmail.com

ਵਿਚਾਰ ਹੈ, ਇਸਨੂੰ ਸਹੀ ਤਰ੍ਹਾਂ ਸਮਝਣ ਦੀ ਲੋੜ ਹੈ।

ਅਨੰਦਪੁਰ ਸਾਹਿਬ ਦੇ ਕਿਲੇ ਵਿਚ ਭੁਖੇ ਰਹਿ ਰਹਿ ਕੇ ਕੁਝ ਸਿੰਘ ਮੌਤ ਤੋਂ ਡਰ ਗਏ। [illegible] ਕਿ ਗੁਰੂ ਨੂੰ ਕੀ ਭੇਟ ਕਰਨ ਆਏ ਸਨ। ਉਨ੍ਹਾਂ ਨੂੰ ਜੀਵਨ, ਜੀਣਾ, ਜ਼ਿੰਦਾ ਰਹਿਣਾ, ਜਾਨ ਬਚਾਣਾ ਇਕ ਜਾਇਜ਼ ਮਨੁਖੀ ਭਾਵਨਾ ਲਗੀ। ਤਕਰੀਬਨ ਸਾਰੇ ਆਮ ਮਨੁਖਾਂ ਨੂੰ ਇਸ ਹੀ ਲਗਦਾ ਹੈ। ਉਹ ਆਮ ਮਨੁਖਾਂ ਵਾਂਗ ਆਪਣਾ ਮਨੁੱਖੀ ਹੱਕ, ਜੀਣਾ ਜਾਂ ਜੀਵਨ ਬਚਾਣਾ ਮੰਗਣ ਲੱਗ ਪਏ। ਪਰ ਸਿੱਖ ਤਾਂ ਜੀਵਨ ਭੇਟ ਕਰਦਾ ਹੈ। ਗੁਰੂ ਤੋਂ ਜਾਨ ਬਚਾਣ ਦੀ ਮੰਗ ਨਹੀਂ ਕਰਦਾ। ਇਸੇ ਲਈ ਇਹ ਸਿਖ, ਆਪਣੇ ਇਸ ਖ਼ਿਆਲ ਵਿਚਾਰ ਕਾਰਨ, ਸਿਖੀ ਤੋਂ ਟੁਟ ਗਏ। ਬੇਦਾਵਾ ਲਿਖ ਕੇ ਵੀ ਦੇ ਗਏ। ਮਾਤਾ ਭਾਗਭਰੀ ਨੇ ਭੁਲ ਚੇਤੇ ਕਰਵਾਈ। "ਤੁਸੀਂ ਜੀਵਨ ਦੀਆਂ ਪ੍ਰਾਪਤੀਆਂ ਸਾਂਭਣ ਲਈ ਘਰ ਆ ਗਏ ਹੋ? ਗੁਰੂ ਕੋਲ ਕਰਨ ਕੀ ਗਏ ਸਾਓ? ਗੁਰੂ ਨੂੰ ਭੇਟਾ ਕੀ ਕੀਤਾ ਸੀ? ਮੋੜ ਕੇ ਵਾਪਸ ਕੀ ਲੈ ਆਏ ਹੋ? ਸਿਖੀ ਦੇ ਆਏ ਹੋ, ਕਾਇਰਤਾ ਲੈ ਆਏ ਹੋ!"

ਜੀਵਨ ਬਚਾਣ ਦਾ ਮਤਲਬ ਹੈ, ਮੌਤ ਦਾ ਸਦਾ ਲਈ ਡਰ ਤੇ ਭੈ। ਜੀਵਨ ਦਾ ਉਦੇਸ਼ ਸਿਰਫ ਜੀਣਾ ਕਿਵੇਂ ਹੋ ਸਕਦਾ ਹੈ? ਸੋ ਜੀਵਨ ਬਚਾਣਾ ਸਿਰਫ ਕਾਇਰਤਾ ਨਾਲ ਜ਼ਿੰਦਾ ਰਹਿਣਾ ਹੀ ਨਹੀਂ ਸਗੋਂ ਜੀਵਨ ਦੇ ਮਨੋਰਥ ਤੋਂ ਮੰਤਵ-ਵਿਹੀਣ ਹੋਣਾ ਵੀ ਹੈ। ਸਿੱਖ ਦਾ ਜੀਵਨ ਤਾਂ ਗੁਰੂ ਲਈ, ਸਿੱਖੀ ਦੀ ਜੀਵਨ ਜਾਚ ਲਈ, ਜ਼ਿੰਦਗੀ ਦੀਆਂ ਮੁੱਢਲੀਆਂ ਕਦਰਾਂ ਕੀਮਤਾਂ ਲਈ ਜੀਣਾ ਹੈ। ਸਿੱਖੀ ਤਾਂ ਨਾਮ ਜਪਣਾ, ਕਿਰਤ ਕਰਨਾ ਤੇ ਵੰਡ ਛਕਣਾ ਹੈ। ਸਿੱਖੀ ਤਾਂ ਸੇਵਾ ਹੈ। ਸਿੱਖੀ ਤਾਂ ਕੁਰਬਾਨੀ ਹੈ। ਸਿਖੀ ਤਾਂ ਪਿਆਰੇ ਲਈ ਵਾਰੇ ਜਾਣਾ ਹੈ। ਸਿਖੀ ਤਾ ਪਰਮੇਸਰ ਦੇ ਰੰਗ ਵਿਚ ਰੰਗ ਕੇ ਉਸ ਦੇ ਪਿਆਰ ਵਿਚ ਰੰਗ ਕੇ, ਉਸਦੀ ਯਾਦ ਵਿਚ ਲਿਵਲੀਨ ਰਹਿਣਾ ਹੈ। ਗੁਰੂ ਸ਼ਬਦ ਤੇ ਗੁਰੂ ਹੁਕਮ ਵਿਚ ਇਕਸੁਰ ਹੋਣਾ ਹੈ। ਸਿਖੀ ਤਾਂ ਹੁਕਮ ਬੁਝਣਾ ਤੇ ਹਉਮੈ ਨੂੰ ਤਿਆਗਣਾ ਹੈ। ਸਿਖੀ ਤਾਂ ਸਚਿਆਰ ਹੋਣਾ ਹੈ। ਕੂੜ ਦੀ ਪਾਲ ਨੂੰ ਤੋੜਨਾ ਹੈ। ਸਿੱਖੀ ਤਾਂ ਪ੍ਰਭੂ ਦੀ ਵੱਡਿਆਈ ਵੀਚਾਰ ਹੈ। ਇਹ ਕੁਝ ਕਰਨ ਲਈ, ਪ੍ਰਾਪਤ ਕਰਨ ਲਈ, ਆਪਣਾ ਸਭ ਕੁਝ ਵਾਰਨਾ ਹੈ। ਹੰਕਾਰ, ਹਉਮੈ ਤੇ ਮਾਇਆ ਨੂੰ ਤਜਣਾ ਹੈ। ਮੈਂ ਮੇਰੀ ਦਾ ਵਿਨਾਸ਼ ਕਰਨਾ ਹੈ। ਇੱਥੇ ਤਾਂ ਤੇਰਾ ਹੀ ਤੇਰਾ ਹੈ। ਮੇਰਾ ਮੁਝ ਮਹਿ ਕਿਛ ਨਹੀਂ ਹੈ। ਜੀਵਨ ਦੀ ਸੰਭਾਲ ਤੇ ਆਪਣੀਆਂ ਪ੍ਰਾਪਤੀਆਂ ਦਾ ਸੰਚਣਾ ਨਹੀਂ। ਜੀਵਨ ਦੀ ਭੇਟ ਹੈ। ਸੀਸ ਭੇਟ ਹੈ। ਮਾਈ ਭਾਗਭਰੀ ਨੇ ਭੁਲ ਦਰਸਾਈ। ਸੋਝੀ ਦਿਤੀ। ਸਿੱਖ ਵਾਪਸ ਸਿੱਖੀ ਵਲ ਮੁੜ ਆਏ। ਕਾਇਰਤਾ ਮੁੱਕ ਗਈ। ਜੀਵਨ ਫਿਰ ਮੰਤਵ ਭਰਿਆ ਹੋ ਗਿਆ। "ਜਿਸ ਪਿਆਰੇ ਸਿਉਂ ਨੇਹੁ ਤਿਸ ਆਗੈ ਮਰ ਚਲੀਏ।" ਇਹ ਸਿਖ ਫਿਰ ਸੂਰਮਿਆਂ ਦੀ ਮੌਤ ਮਰਨ ਦਾ ਆਪਣਾ ਹੱਕ ਲੈਣ ਲਈ ਵਾਪਸ ਪਰਤ ਪਏ। ਇਹ ਸਿਖ ਹੋ ਗਏ। ਇਹ ਮੁਕਤੇ ਹੋ ਗਏ।

ਜੀਵਨ ਤੇ ਮੌਤ ਦੇ ਇਸ ਅਰਥ ਦਾ ਅਜੀਬ ਕ੍ਰਿਸ਼ਮਾ ਹੈ। ਜਿਹੜਾ ਮੌਤ ਦਾ ਹੱਕ ਸੀਸ ਭੇਟ ਕਰਨ ਨਾਲ, ਤੇ ਮੌਤ ਲਈ ਤਤਪਰ ਰਹਿਣ ਨਾਲ ਮਿਲਦਾ ਹੈ, ਉਹ ਅਸਲੋਂ ਸੱਚਾ ਜੀਵਨ ਦੇਂਦਾ ਹੈ। ਜੀਵਨ, ਸੁਆਸਾਂ ਦੇ ਚਲਦੇ ਰਹਿਣ ਦੇ ਰੂਪ ਵਿਚ ਇਕ ਮੈਡੀਕਲ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਤੱਥ ਤਾਂ ਹੋ ਸਕਦਾ ਹੈ। ਪਰ ਇਹ ਅਰਥਵਿਹੀਣ ਕਾਇਰਤਾ ਬਣ ਕੇ ਰਹਿ ਜਾਂਦਾ ਹੈ। ਇਹ ਜੀਵਨ ਹਰ ਪਲ ਦੀ, ਹਰ ਵੇਲੇ ਦੀ ਮੌਤ ਹੈ। Cowards die many times before their death. The valient taste of death never but once.' ਸੂਰਮਿਆਂ ਦੀ ਮੌਤ ਮਰਨ ਦਾ ਹੱਕ ਸੀਸ ਭੇਟ ਕਰਨ ਨਾਲ ਮਗਾਣਾ, ਇਕ ਅਲੌਕਿਕ, ਰਸ ਭਰਿਆ, ਜੁਰਅਤ ਭਰਿਆ ਅਤੇ ਮਤਵ ਭਰਿਆ ਜੀਵਨ ਪ੍ਰਾਪਤ ਕਰਨਾ ਹੈ। ਇਹ ਜੀਵਨ ਸੁਾਸਾਂ ਦਾ ਚਲਣਾ ਜਾਂ ਜੀਵਨ ਦੇ ਕਾਂਡੇ-ਟੀਂਡਰ ਸੰਕਾਲਨਾ ਨਹੀਂ, ਸਗੋਂ ਹਰ ਪੱਲ "ਹਉ ਜੀਵਾਂ ਨਾਮ ਧਿਆਇ" ਹੈ। "ਅਬ ਮੋਹਿ ਮਿਲਿਓ ਹੈ ਜੀਆਵਨ ਹਾਰਾ।" ਇਹ ਅਸਲ ਜੀਵਨ ਹੈ। ਜਿਸਨੂੰ ਮੌਤ ਕਹਿੰਦੇ ਹਨ ਉਹ ਅਮਰ-ਜੀਵਨ ਬਣ ਕੇ ਆਂਦੀ ਹੈ। ਸੁਾਸਾਂ ਦੇ ਹਰ ਉਤਾਰ ਚੜ੍ਹਾਅ ਵਿਚ ਪ੍ਰੇਮ ਹੁਕਮ- ਸ਼ਬਦ-ਨਾਮ ਦਾ ਜੀਵਨ ਲੈ ਕੇ ਉਹ ਸੁਾਸ ਸੁਾਸ ਤਾਂ ਜੀਂਦਾ ਹੀ ਹੈ, ਉਹ ਤਾਂ ਮਰਨ ਸਮੇਂ ਵੀ ਜੀਅ ਰਿਹਾ ਹੁੰਦਾ ਹੈ ਤੇ ਮਰਨ ਤੋਂ ਬਾਦ ਵੀ ਜੀਂਦਾ ਰਹਿੰਦਾ ਹੈ। "ਅਬ ਮੋਹਿ ਜੀਵਨ ਪਦਵੀ ਪਾਈ।" ਕਿਉਂਕਿ ਗੁਰੂ ਦੀ ਸਰਣ ਵਿਚ, ਗੁਰੂ ਨੂੰ ਸੀਸ ਭੇਟ ਕਰਕੇ ਉਹ "ਮੁੱਝ ਮਹਿ ਰਹਾ ਨਾਂ ਹੂੰ" ਹੋਕੇ "ਤੂੰ ਤੂੰ ਕਰਤਾ ਤੂੰ ਭਇਆ।" "ਆਪਾ ਪਰਕਾ ਮਿਟ ਗਿਆ।" ਹਰ ਥਾਂ, ਹਰ ਵੇਲੇ ਸਭ ਤੂੰ ਤੂੰ ਹੋ ਗਿਆ। ਇਹ "ਮੈਂ ਹੀ ਬ੍ਰਹਮ ਹਾਂ," ਨਹੀਂ ਹੈ। ਇਹ "ਜਤ ਦੇਖਾਂ ਤਤ ਤੂੰ" ਹੈ। ਇਹ ਹੈ ਮੌਤ ਦਾ ਹੱਕ ਮੰਗਣਾ ਤੇ ਇਹ ਹੈ ਜੀਵਨ ਪਦਵੀ ਪਾਣਾ। ਇਹ ਹੈ ਜੀਵਨ ਤੇ ਮੌਤ ਦੇ ਰਹੱਸ ਨੂੰ ਅਸਲੋਂ ਸਮਝ ਲੈਣਾ। ਇੱਥੇ ਮਰਨਾ ਚਾਓ ਹੈ। ਇੱਥੇ ਮਰਨਾ ਅਨੰਦ ਹੈ। ਇੱਥੇ ਮਰਨਾ ਪਰਮਨੰਦ ਨੂੰ ਪ੍ਰਾਪਤ ਕਰਨਾ ਹੈ। ਇਸ ਮੌਤ ਵਿਚ ਮੌਤ ਨਹੀਂ ਰਹਿੰਦੀ। ਇਹ ਮੌਤ ਨਿਰਾ ਜੀਵਨ ਬਣ ਕੇ ਪਰਗਟ ਪਰਤੱਖ ਦਿਸਦੀ ਹੈ।

## (ਸ) ਸਿੱਖੀ ਦੀ ਸੂਰਮਗਤੀ ਦੀ ਮੌਤ ਦੀ ਇਲਤਜਾ ਕਰਨੀ

ਹੁਣ ਭਾਵਨਾ ਤਾਂ ਮੌਤ ਨੂੰ ਹੱਕ ਸਮਝਣਾ ਹੈ। ਬਿਰਤੀ ਅਜੇਹੀ ਮੌਤ ਲਈ ਇਲਤਜਾ ਕਰਨੀ ਹੈ। ਕਿਉਂਕਿ ਇੱਥੇ ਸੀਸਭੇਟ ਦੀ ਮਾਨਸਕ ਅਵਸਥਾ, ਤੇ ਮੌਤ ਲਈ ਸਦਾ ਤਿਆਰ ਰਹਿਣ ਦੀ ਕਰਨੀ ਪਿੱਛੇ ਮੌਤ ਦਾ ਹੱਕ ਸਮਝਣਾ ਮੇਰੀ ਭਾਵਨਾ ਹੈ ਇਸ ਲਈ ਜਦੋਂ ਮੇਰੀ ਸੋਝੀ ਤੇ ਮੇਰਾ ਗਿਆਨ ਜੀਵਨ-ਮੌਤ ਦੇ ਭੇਤ ਨੂੰ ਸਮਝ ਗਿਆ ਤਾਂ ਬਿਰਤੀ ਵਿਚ ਸਿਖ ਦੇ ਨਾਤੇ ਹੰਕਾਰ ਤਾਂ ਦਾਖਲ ਹੋ ਹੀ ਨਹੀਂ ਸਕਦਾ। ਇਹ "ਅਹੰ ਬ੍ਰਹਮ ਅਸਮੀ" ਵਾਲੀ ਬਿਰਤੀ ਵਿਚ ਜਾ ਹੀ ਨਹੀਂ ਸਕਦਾ। ਇਹ ਤਾਂ "ਤੂੰ ਤੂੰ" ਤੇ "ਤੇਰਾ ਤੇਰਾ" ਦੀ ਖੇਡ ਹੈ- ਇਸ ਵਿਚ ਇਸ ਲਈ ਬੇਨਤੀ, ਇਕ ਇਲਤਜਾ, ਇਕ ਆਤਮਾ ਦੀ ਹੂਕ, ਇਕ ਅਰਦਾਸ ਨਿਕਲਦੀ ਹੈ :

*"ਹੇ ਰਵਿ ਹੇ ਸਸਿ ਹੇ ਕਰਣਾ ਨਿਧ*
*ਮੇਰੀ ਅਬੈ ਬਿਨਤੀ ਸੁਨ ਲੀਜੈ।*
-----
*ਸ਼ਸਤ੍ਰਨ ਸੋਂ ਅਤਿ ਹੀ ਰਣ ਭੀਤਰ*
*ਜੂਝ ਮਰੋਂ ਤਉ ਸਾਚ ਪਤੀਜੈ।"*



Sri Satguru Jagjit Singh Ji eLibrary NamdhariElibrary@gmail.com

ਆਪਣੇ ਪ੍ਰਭੂ ਅਗੇ ਇਲਤਜਾ ਹੈ: "ਕ੍ਰਿਪਾ ਕਰ ਸਯਾਮ, ਇਹੈ ਬਰ ਦੀਜੈ॥"

ਖੁਲ੍ਹੇ ਤੌਰ ਤੇ ਰੱਬ ਤੋਂ ਮੰਗਿਆ ਹੈ। ਕੋਈ ਸੰਗ-ਸੰਕੋਚ ਨਹੀਂ। ਕੋਈ ਛੁਪਾਅ ਨਹੀਂ। ਕੋਈ ਦੁਬਿਧਾ ਨਹੀਂ। ਬਉਰੇ ਮਨ ਦੀ ਡਗਮਗ ਛੁਟ ਚੁੱਕੀ ਹੈ। ਇਸੇ ਲਈ ਬੇਨਤੀ ਅਰਦਾਸ ਕੀਤੀ:-

*"ਦੇਹ ਸ਼ਿਵਾ ਬਰ ਮੋਹਿ ਇਹੈ*
*ਸੁਭ ਕਰਮਨ ਤੇ ਕਬਹੂੰ ਨ ਟਰੋਂ।*
*ਨ ਡਰੋਂ ਅਰਿ ਸੋਂ ਜਬ ਜਾਇ ਲਰੋਂ*
*ਨਿਸਚੈ ਕਰ ਆਪਨੀ ਜੀਤ ਕਰੋਂ॥*
*ਅਰੁ ਸਿੱਖ ਹੋਂ ਆਪਨੇ ਹੀ ਮਨ ਕੋ*
*ਇਹ ਲਾਲਚ ਹਉ ਗੁਨ ਤਉ ਉਚਰੋਂ॥*
*ਜਬ ਆਵ ਕੀ ਅਉਧ ਨਿਦਾਨ ਬਨੈ*
*ਅਤ ਹੀ ਰਨ ਮੈ ਤਬ ਜੂਝ ਮਰੋਂ॥*" (ਗੁਰੂ ਗੋਬਿੰਦ ਸਿੰਘ ਚੰਡੀ ਚਰਿਤ੍ਰ)

ਇਲਤਜਾ "ਜੂਝ ਮਰੋਂ" ਦੀ ਹੈ। ਵਰ "ਸ਼ੁਭ ਕਰਮਨ" ਦਾ ਮੰਗਿਆ ਹੈ, ਨਿਡਰ ਹੋ ਕੇ ਲੜਨ ਦਾ ਤੇ ਨਿਸਚੈ ਭਰੀ ਜਿਤ ਦਾ। ਪ੍ਰਾਪਤੀ ਦਾ ਲਾਲਚ ਵੀ ਨਿਵੇਕਲਾ ਹੈ, ਅਦੁਤੀ ਹੈ; "ਗੁਨ ਤਉ ਉਚਰੋ" ਹੈ। ਇਹ ਹੈ ਜੀਵਨ-ਮੌਤ ਦੇ ਰਹੱਸ ਨੂੰ ਸਮਝ ਕੇ ਰੱਬ ਅੱਗੇ ਬੇਨਤੀ ਕਰਨ ਦੀ ਜਾਚ। ਗੁਰੂ ਗੋਬਿੰਦ ਸਿੰਘ ਆਪ ਕਰ ਰਹੇ ਹਨ।

ਸਿਖਾਂ ਦੀ ਅਰਦਾਸ ਇਸੇ ਲਈ ਨਿਵੇਕਲਾ ਕਮਾਲ ਹੈ। ਇਥੇ ਪਹਿਲੇ ਪ੍ਰਭੂ ਦੀ ਅਤੇ ਗੁਰੂਆਂ ਦੀ ਯਾਦ ਹੈ। ਤੇ ਬੇਨਤੀ ਬਾਦ ਯਾਦ ਹੈ ਉਨ੍ਹਾਂ ਦੀ ਜਿਨ੍ਹਾਂ ਨੇ ਪੰਜਪਿਆਰੇ ਤੇ ਚਾਰ ਸਾਹਿਬਜਾਦੇ ਬਣ ਕੇ ਜੀਵਨ ਜੀਵਿਆ ਤੇ ਜਿਨ੍ਹਾਂ ਨੇ "ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਵਾਏ, ਪੁਠੀਆਂ ਖਲ੍ਹਾਂ ਲੁਹਾਈਆਂ, ਖੋਪਰੀਆਂ ਉਤਰਵਾਈਆਂ....."। ਇਨ੍ਹਾਂ ਦਾ ਧਿਆਨ ਧਰਕੇ ਵਾਹਿਗੁਰੂ ਨੂੰ ਯਾਦ ਕਰਨਾ ਹੈ ਤੇ ਬੇਨਤੀ ਕਰਨੀ ਹੈ ਕਿ ਸਿੱਖਾਂ ਨੂੰ ਸਿੱਖੀ ਦਾਨ ਮਿਲੇ, ਨਾਮ ਦਾਨ ਮਿਲੇ। ਸਿੱਖੀ ਕੀ ਹੈ, ਪਹਿਲੇ ਸਪਸ਼ਟ ਕੀਤਾ ਹੈ "ਧਰਮ ਹੇਤ ਸੀਸ ਦਿਤੇ....ਪਰ ਸਿੱਖੀ ਸਿਦਕ ਨਾਂਹ ਹਾਰਿਆ।" "ਸਿਖੀ ਕੇਸਾਂ ਸਵਾਂਸਾਂ ਨਾਲ ਨਿਭਾਈ।" ਫੇਰ ਸਾਰੇ ਸਿਖਾਂ ਲਈ ਅਜੇਹੀ ਸਿਖੀ ਦਾ ਦਾਨ ਗੁਰੂ ਤੋਂ ਮੰਗਿਆ ਹੈ।

ਇਹ ਹੈ ਸਿਖੀ ਜੀਵਨ ਜਾਚ। ਇਹ ਹੈ ਜੀਵਨ ਦੀ ਅਸਲ ਪ੍ਰਾਪਤੀ। ਇਹ ਗੁਰੂ ਤੋਂ ਅਸਲ ਮੰਗ ਮੰਗਣੀ ਹੈ। ਇਹੋ ਕੁਝ ਦੇਣਾ, ਕਬੁਧ ਤੋਂ ਹਟਾ ਕੇ, ਅਸਲ ਜੀਵਨ ਦੇਣਾ, ਅਸਲ ਧਰਮ ਦੀ ਪਛਾਣ ਦੇਣਾ, ਗੁਰੂ ਨਾਨਕ ਦਾ ਮਿਸ਼ਨ ਸੀ। ਉਹ ਦਸ ਜਾਮਿਆਂ ਵਿਚ ਆਪ ਰਹਿ ਕੇ ਤੇ ਸ਼ਬਦ-ਬਾਣੀ-ਹੁਕਮ-ਨਾਮ ਦਾ ਰਹੱਸ ਖੋਲ੍ਹ ਕੇ ਜੀਵਨ ਦਾ ਮਿਸ਼ਨ ਦਰਸਾਣਾ ਆਏ ਸਨ। ਇਹ ਮਿਸ਼ਨ ਗੁਰੂ ਸਾਹਿਬਾਨ ਨੇ ਬਾਣੀ ਦੁਆਰਾ, ਅੰਮ੍ਰਿਤ ਦੁਆਰਾ, ਰਹਿਤ ਦੁਆਰਾ ਆਪ ਲੈ ਕੇ, ਜੀਅ ਕੇ ਫੇਰ ਵੰਡਿਆ। ਆਪ ਮੰਗਿਆ। ਆਪ ਲਿਆ॥ ਫੇਰ ਪੇਸ਼ਕਸ਼ ਕੀਤੀ ਆਓ ਤੁਸੀਂ ਵੀ ਪੀਉ। ਤੁਸੀਂ ਵੀ ਅਸਲ ਜੀਵਨ ਜੀਉ। ਤੇ ਵਾਹਿਦਾ ਕਰਕੇ ਦ੍ਰਿੜਾਇਆ : "ਜੋ ਕੋ ਖਾਵੈ, ਜੋ ਕੋ ਭੁੰਚੈ ਤਿਸ ਕਾ ਹੋਇ ਉਧਾਰੋ।"



Sri Satguru Jagjit Singh Ji eLibrary NamdhariElibrary@gmail.com

# ਸ਼ਹੀਦ ਤੇ ਸ਼ਹਾਦਤ

ਆਓ-ਇਸ ਪਿਛਕੜ ਦੀ ਦਾਰਸ਼ਨਿਕਤਾ ਵਿਚੋਂ ਅਸੀਂ ਸ਼ਹੀਦ ਤੇ ਸ਼ਹਾਦਤ ਦਾ ਰੂਪ ਫੇਰ ਨਿਖੇੜ ਕੇ ਸਮਝਣ ਦਾ ਯਤਨ ਕਰੀਏ:

ਡਿਕਸ਼ਨਰੀ ਅਨੁਸਾਰ ਸ਼ਹੀਦ ਉਹ ਹੈ ਜਿਸਨੂੰ ਉਸਦੇ ਧਰਮ ਤੇ ਵਿਚਾਰਾਂ ਕਾਰਨ ਤਸੀਹੇ ਦਿਤੇ ਜਾਂਦੇ ਹਨ ਅਥਵਾ ਮਾਰ ਦਿੱਤਾ ਜਾਂਦਾ ਹੈ। ਇਸ ਵਿਚ ਦੋ ਅੰਗ ਧਰਮ ਕਾਰਨ ਮੌਤ, ਤਾਂ ਸਹੀ ਹਨ ਪਰ ਸ਼ਹੀਦੀ ਦੇ ਅਸਲ ਭਾਵ ਨੂੰ ਇਹ ਸਪਸ਼ਟ ਨਹੀਂ ਕਰਦਾ। ਆਮ ਭਾਸ਼ਾ ਵਿਚ ਹਰ ਮੌਤ ਨੂੰ ਜਿਹੜੀ ਕਿਸੇ ਸਮਾਜਕ ਭਲਾਈ ਲਈ ਜਾਂ ਦੇਸ਼ ਭਲਾਈ ਅਥਵਾ ਸੁਤੰਤਰਤਾ ਲਈ ਹੁੰਦੀ ਹੈ ਉਸਨੂੰ ਸ਼ਹੀਦੀ ਵਿਚ ਗਿਣਿਆ ਜਾਂਦਾ ਹੈ। ਜਿਵੇਂ ਜੇ ਕਿਸੇ ਨੇ, ਸਾਂਤਮਈ ਰਾਹ ਦੀ ਥਾਂ, ਬੰਬ ਮਾਰ ਕੇ ਜਾਂ ਗੋਲੀ ਮਾਰ ਕੇ ਅਤੰਕ ਫੈਲਾਇਆ, ਕਈਆਂ ਨੂੰ ਮਾਰ ਦਿੱਤਾ ਤੇ ਫੇਰ ਉਹ ਆਪ ਵੀ ਫੜਿਆ ਗਿਆ ਤੇ ਉਸਨੂੰ ਮੁਕਾਬਲੇ ਵਿਚ ਜਾਂ ਕਾਨੂੰਨੀ ਫਾਂਸੀ ਦੇ ਕੇ ਮਾਰ ਦਿੱਤਾ ਗਿਆ ਤਾਂ ਉਸਦੇ ਸਾਥੀ ਤੇ ਹਮਦਰਦ ਉਸਨੂੰ ਸ਼ਹੀਦ ਕਹਿੰਦੇ ਹਨ।। ਰਾਜਨੀਤੀ, ਸਮਾਜ ਤੇ ਦੇਸ਼-ਆਜ਼ਾਦੀ ਦੇ ਖੇਤਰ ਦੇ ਬਹੁਤੇ ਸ਼ਹੀਦ ਇਸੇ ਪ੍ਰਕਾਰ ਦੇ ਹਨ। ਪਰ ਇਹ ਸਜ਼ਾ ਵਾਲੀ ਮੌਤ ਜ਼ਰੂਰੀ ਨਹੀਂ ਕਿ ਸਿਖ ਧਰਮ ਦੀ ਸ਼ਹਾਦਤ ਦੀ ਕਸਵਟੀ ਨਾਲ ਮੇਲ ਖਾਵੇ।

ਸਿਖ ਧਰਮ ਵਿਚ ਸ਼ਹੀਦੀ ਦਾ ਵਿਚਾਰ ਜ਼ਿਆਦਾ ਡੂੰਘਾ ਤੇ ਜ਼ਿਆਦਾ ਸਪਸ਼ਟਤਾ ਵਾਲਾ ਹੈ। ਹਰ 'ਚੰਗੇ' ਕਾਰਜ ਦੀ ਮੌਤ ਸ਼ਹੀਦੀ ਨਹੀਂ ਹੁੰਦੀ। ਇਹ ਅਜੀਬ ਜਹੀ ਪਰਿਭਾਸ਼ਾ ਬਣੇਗੀ ਜਦੋਂ ਅਸੀਂ ਇਹ ਵਿਚਾਰੀਏ ਕਿ ਹਿੰਦੁਸਤਾਨ ਪਾਕਿਸਤਾਨ ਦੀ ਜੰਗ ਲਗੀ ਹੋਵੇ ਤਾਂ ਜਿਹੜੇ ਫੌਜੀ ਮਰਦੇ ਹਨ ਉਹ ਦੋਨੋ ਪਾਸੇ ਦੇ ਆਪਣੇ ਪਖੋਂ ਸ਼ਹੀਦ ਹੋਣਗੇ। ਕੁਝ ਪਾਕਿਸਤਾਨ ਦੇ 'ਸ਼ਹੀਦ' ਹਨ ਤੇ ਕੁਝ ਹਿੰਦੁਸਤਾਨ ਦੇ 'ਸ਼ਹੀਦ'। ਅਜੀਬ ਗਲ ਤਾਂ ਇਹ ਹੈ ਕਿ ਪਾਕਿਸਤਾਨ ਦੇ 'ਸ਼ਹੀਦ' ਅਤੇ ਉਨ੍ਹਾਂ ਦੇ ਸਾਥੀ ਤੇ ਸਮਰਥਕ ਹਿੰਦੁਸਤਾਨ ਦੀ ਫੌਜ ਨੂੰ, ਹੁਕਮਰਾਨਾਂ ਨੂੰ ਅਤੇ ਸ਼ਾਇਦ ਹਿੰਦੁਸਤਾਨੀ ਜਨਤਾ ਨੂੰ ਵੀ 'ਜ਼ਾਲਮ' ਸਮਝਣਗੇ ਤੇ ਨਫਰਤ ਨਾਲ ਤਕਣਗੇ। ਇਵੇਂ ਹੀ ਹਿੰਦੁਸਤਾਨ ਦੇ ਪੱਖੀ ਆਪਣੇ ਸ਼ਹੀਦਾਂ ਨੂੰ ਤਾਂ ਅਖਾਂ, ਸਿਰ ਅਤੇ ਅਸਮਾਨ ਤੇ ਚੁਕਣਗੇ ਤੇ ਸਾਰੇ ਪਾਕਿਸਤਾਨੀਆਂ ਨੂੰ ਜ਼ਾਲਮ ਕਰਾਰ ਦੇਣਗੇ। ਅਸੀਂ ਭਾਰਤ ਦੇ ਇਤਿਹਾਸ ਵਿਚ 1857 ਵਿਚ ਮਰੇ 'ਸ਼ਹੀਦ' ਗਿਣਦੇ ਹਾਂ ਤੇ ਅੰਗ੍ਰੇਜ਼ ਇਤਿਹਾਸ ਵਿਚ ਉਨ੍ਹਾਂ ਹੀ ਵਿਅਕਤੀਆਂ ਨੂੰ 'ਬਾਗੀ' ਤੇ 'ਗਦਰ ਕਰਨ ਵਾਲੇ' ਜਾਣਿਆ ਜਾਂਦਾ ਹੈ। ਤੇ "ਬਾਗੀਆਂ" ਹਥੋਂ ਮਰਨ ਵਾਲੇ ਸ਼ਹੀਦ ਹੋਣਗੇ! ਇਵੇਂ ਦੇਸ਼ ਦੇ ਵਿਚ ਵੀ ਉਤਰਾ ਖੰਡ ਜਾਂ ਝਾਰਖੰਡ ਦੀ ਐਜੀਟੇਸ਼ਨ ਵਿਚ ਮਰਨਵਾਲੇ ਜਾਂ 'ਬੋਡੋਲੈਂਡ' ਤੇ ਵਿਧਰਭਾ ਲਈ ਮਰਨਵਾਲੇ ਕੀ 'ਸ਼ਹੀਦ' ਹਨ ਜਾਂ ਨਹੀਂ ? ਇਹ ਮੋਰਚੇ ਲਾਣਵਾਲੇ ਤਾਂ ਇਨ੍ਹਾਂ ਨੂੰ 'ਸ਼ਹੀਦ' ਹੀ ਕਹਿੰਦੇ ਹਨ ਪਰ ਦੇਸ਼ ਦੇ ਕਾਨੂੰਨ ਤੇ ਵਿਧਾਨ ਅਨੁਸਾਰ ਤਾਂ ਇਹ ਕਾਨੂੰਨ-ਵਿਵਸਥਾ ਭੰਗ ਕਰਨ ਵਾਲੇ 'ਜੁਰਮ' ਕਰਦੇ ਹਨ।



Sri Satguru Jagjit Singh Ji eLibrary NamdhariElibrary@gmail.com

ਸੋ ਸਾਨੂੰ ਸ਼ਹੀਦ ਦੀ ਪਰਿਭਾਸ਼ਾ ਹੋਰ ਦ੍ਰਿਸ਼ਟੀਕੋਣ ਤੋਂ ਕਰਨੀ ਹੋਵੇਗੀ। ਮਰਨਾ ਸ਼ਹੀਦੀ ਨਹੀਂ। ਜ਼ਾਲਮ ਦੇ ਜ਼ੁਲਮ ਦਾ ਸ਼ਿਕਾਰ ਹੋਣ ਵਾਲੀ ਹਰ ਮੌਤ ਸ਼ਹੀਦੀ ਨਹੀਂ। ਸ਼ਹੀਦੀ ਦੇ ਤਿੰਨ ਮੁੱਖ ਅੰਗ ਹਨ :

1. ਸ਼ਹੀਦੀ ਦਾ ਉਦੇਸ਼ ਧਰਮ ਤੇ ਮੁੱਢਲੀਆਂ ਕੀਮਤਾਂ ਦੀ ਸੰਭਾਲ ਕਰਨਾ ਹੈ।

2. ਸ਼ਹੀਦੀ ਵਿਚ ਤਸੀਹੇ ਤੇ ਮੌਤ ਵੀ ਹੁੰਦੇ ਹਨ।

3. ਸ਼ਹੀਦੀ ਆਪਣੀ ਸ੍ਵੈ-ਇਛਾ ਨਾਲ ਮੌਤ ਤੇ ਤਸੀਹੇ ਨੂੰ ਪ੍ਰਾਥਮਿਕਤਾ ਜਾਂ ਤਰਜੀਹ ਦੇ ਕੇ ਕਬੂਲਨਾ ਹੈ ਜਦ ਕਿ ਵਿਕਲਪ (option or alternative) ਮੌਤ ਤੋਂ ਬਚਣ ਦੇ ਉਸ ਵਿਅਕਤੀ ਕੋਲ ਪਰਤੱਖ ਮੌਜੂਦ ਹੋਣ।

ਸ਼ਹੀਦ ਆਪਣੇ ਬਚਾਅ ਵਿਚ ਮਰਨਾ ਨਹੀਂ ਹੈ। ਸਗੋਂ ਉਸ ਰਣਤੱਤੇ ਵਿਚ ਜੂਝਣਾ ਹੈ ਜਿੱਥੇ ਨਾਂਹ ਜਾਓ ਤਾਂ ਸਰ ਸਕਦਾ ਹੈ। ਉਸ ਮੌਤ ਨੂੰ ਕਬੂਲਨਾ ਹੈ ਜਿੱਥੇ ਨਾਲ ਹੀ ਵਿਕਲਪ ਹਨ ਕਿ ਜੇ ਇਸ ਤਰ੍ਹਾਂ ਕਰੋ ਤਾਂ ਮੌਤ ਨਹੀਂ ਹੋਵੇਗੀ। ਸ਼ਹੀਦ ਇਕ ਤਰ੍ਹਾਂ ਨਾਲ ਆਪ ਮੌਤ ਤੇ ਤਸੀਹੇ ਵਾਲਾ ਰਾਹ ਚੁਣਦਾ ਹੈ। ਉਸ ਤੇ ਮੌਤ ਇਕ ਬਿਪਤਾ ਬਣ ਕੇ ਆਂਦੀ ਨਹੀਂ ਸਗੋਂ ਉਹ ਸੋਚ ਸਮਝ ਕੇ, ਪੂਰੇ ਹੋਸ਼ ਹਵਾਸ ਵਿਚ, ਮੌਤ ਵਾਲੇ ਰਾਹ ਨੂੰ, ਖੁਦ ਮੌਤ ਨੂੰ ਅਥਵਾ ਤਸੀਹੇ ਨੂੰ ਮੰਗਦਾ ਹੈ।

ਸ਼ਹੀਦ ਦੀ ਮੌਤ ਸੋਗ ਤੇ ਰੋਣ-ਪਿਟਣ ਵਾਲਾ ਕਾਰਜ ਨਹੀਂ ਹੁੰਦਾ। ਇਸ ਮੌਤ, ਇਸ ਸ਼ਹੀਦੀ ਵਿਚੋਂ ਧਰਮ ਨੂੰ, ਸਮਾਜ ਨੂੰ, ਕੌਮ ਨੂੰ ਨਵੀਂ ਜਾਗ੍ਰਤੀ ਮਿਲਦੀ ਹੈ; ਆਮ ਲੋਕਾਂ ਲਈ ਆਦਰਸ਼ ਸਥਾਪਤ ਹੁੰਦਾ ਹੈ। ਸ਼ਹੀਦ ਦੀ ਸ਼ਹੀਦੀ ਪੂਰਨੇ ਪਾਂਦੀ ਹੈ, ਜਿਸ ਤੋਂ ਆਣ ਵਾਲੀ ਨਸਲ ਆਪਣੀ ਕਲਮ ਨਾਲ ਅਸਲ ਰਾਹ ਨੂੰ ਉਲੀਕਦੀ ਹੈ। ਸ਼ਹੀਦ ਦੀ ਸ਼ਹੀਦੀ ਲੋਅ ਅਤੇ ਚਾਨਣ ਬਣ ਕੇ ਹਨੇਰੇ ਰਾਹਾਂ ਨੂੰ ਉਜਾਲਾ ਕਰਦੀ ਹੈ। ਸ਼ਹੀਦੀ ਸੋਗ ਨਹੀਂ, ਬਹਾਦਰੀ ਦੀ ਸ਼ੁਅਰਤ ਛਡਦੀ ਹੈ। ਸ਼ਹੀਦੀ ਇਕ ਸਪਿਰਿਟ ਬਣ ਕੇ ਸਮਾਜ ਤੇ ਕੌਮ ਨੂੰ ਨਵਾਂ ਜੀਵਨ ਦਿੰਦੀ ਹੈ। ਨਵੇਂ ਮੋੜ ਦਿੰਦੀ ਹੈ। ਨਵਾਂ ਰੰਗ ਦਿੰਦੀ ਹੈ। ਸ਼ਹਾਦਤ ਦੀ ਕ੍ਰਿਆ ਵਿਚ ਮੌਤ ਤੇ ਤਸੀਹੇ ਇੰਨੇ ਨਹੀਂ ਦੇਖੇ ਜਾਂਦੇ ਜਿਤਨੇ ਉਦੇਸ਼ ਤੇ ਸਪਿਰਿਟ ਆਂਕੇ ਜਾਂਦੇ ਹਨ। ਸ਼ਹੀਦ ਦੀ ਸ਼ਹਾਦਤ ਮਨਾਈ ਜਾਂਦੀ ਹੈ-ਸ਼ਰਧਾ ਦੇ ਫੁਲ ਭੇਟ ਕਰਕੇ ਅਤੇ ਨਵੇਂ ਸਿਰਿਓਂ ਪ੍ਰਣ ਕਰਕੇ ਕਿ ਸ਼ਹੀਦ ਦੀ ਸ਼ਹੀਦੀ ਦੇ ਮੰਤਵ ਅਤੇ ਉਸ ਦੀ ਸਪਿਰਿਟ ਨੂੰ ਸਦਾ ਸੁਰਜੀਤ ਰੱਖਿਆ ਜਾਵੇਗਾ।

ਸਿੱਖ ਫਿਲਾਸਫੀ ਵਿਚ ਸ਼ਹਾਦਤ ਰਬ ਤੇ ਗੁਰੂ ਦੀ ਭੇਜੀ ਵਡਮੁਲੀ ਦਾਤ ਹੈ ਤੇ ਸਿਖ ਨੂੰ ਗੁਰੂ ਦਾ ਨਿਜੀ ਸੰਦੇਸ਼ ਹੈ ਕਿ ਤੂੰ ਸਿਖੀ ਜੀਵਨ ਦੀ ਚਰਮਸੀਮਾ ਉਤੇ ਪਹੁੰਚ ਕੇ ਸਿੱਖੀ ਜੀਵਨ ਜਾਚ ਦੀ ਸਪਿਰਿਟ ਤੇ ਉਦੇਸ਼ਾਂ ਨੂੰ ਉਜਾਗਰ ਕਰ ਅਤੇ ਲੋਕਾਂ ਵਿਚ ਵੰਡ। ਸ਼ਹੀਦੀ ਕੌਮ ਤੇ ਧਰਮ ਲਈ ਨਵੀਂ ਰੂਹ ਫੂਕਣ ਆਂਦੀ ਹੈ।

ਇਹ ਤਾਂ ਕੌਮ, ਸਮਾਜ, ਧਰਮ ਤੇ ਲੋਕਾਂ ਨੂੰ ਮਿਲਿਆ। ਸ਼ਹੀਦ ਨੂੰ ਕੀ ਮਿਲਿਆ? ਕੀ ਸਿਰਫ ਮੌਤ? ਨਹੀਂ ਜਿਵੇਂ ਅਸੀਂ ਉੱਪਰ ਸਿੱਖੀ ਜੀਵਨ-ਜਾਚ ਦੇ ਚਾਰ ਅੰਗ ਵਿਚਾਰੇ



Sri Satguru Jagjit Singh Ji eLibrary NamdhariElibrary@gmail.com

ਹਨ- ਉਹ ਸਿੱਖ ਜੀਵਨ ਦੀ ਫਿਲਾਸਫੀ ਦਾ ਸਹੀ ਚਿਤ੍ਰਣ ਹੈ। ਸ਼ਹੀਦੀ ਉਸ ਜੀਵਨ ਜਾਚ ਦੀ ਆਖਰੀ ਦੱਮ, ਆਖਰੀ ਸੁਆਸ ਤਕ ਬਲਦੀ ਮਸ਼ਾਲ ਹੈ। ਉਸ ਜੀਵਨ ਜਾਚ ਦੀ ਸੰਪੂਰਣਤਾ ਹੈ। ਉਸ ਜੀਵਨ ਜਾਚ ਦੀ ਚਰਮਸੀਮਾ (Climax) ਤੇ ਉੱਚਤਮ ਚੋਟੀ ਹੈ।

ਸੀਸ-ਭੇਟ ਇਕ ਆਤਮਕ ਭੇਟ ਹੈ। ਅੰਦਰਲੇ ਮਨ ਦੀ ਸਪੂਰਨ ਸਮਪਨ ਦੀ ਕ੍ਰਿਆ ਹੈ। ਹਰ ਸਮੇਂ ਮੌਤ ਲਈ ਤਿਆਰ ਰਹਿਣਾ ਉਸ ਸੀਸ-ਭੇਟ ਆਤਮਾ ਦਾ ਦਿਸਦਾ ਕ੍ਰਿਆਤਮਕ ਨਜ਼ਾਰਾ ਹੈ। ਸੂਰਮਿਆਂ ਦੀ ਮੌਤ ਮਰਨਾ ਆਪਣਾ ਹੱਕ ਸਮਝਣਾ ਜਾ ਜਤਾਣਾ ਉਸ ਆਤਮਾ ਦੀ ਉੱਚ-ਬਿਰਤੀ ਦਾ ਪ੍ਰਤਖ ਦਰਸ਼ਨ ਹੈ। ਅਜੇਹੀ ਮੌਤ ਮੰਗਣੀ ਉਸ ਸਰੀਰ, ਮਨ, ਬੁਧੀ, ਆਤਮਾ ਦੀ ਭਾਵਨਾ ਦਾ ਦਰਸ਼ਕ ਹੈ। ਸ਼ਹੀਦੀ ਪ੍ਰਾਪਤ ਕਰਨੀ, ਇਸ ਜੀਵਨ ਜਾਂਚ ਦੇ ਚਾਰੇ ਪੱਖ ਪ੍ਰਾਪਤ ਕਰਕੇ, ਆਪ ਪ੍ਰਜ੍ਵਲਤ ਹੋ ਕੇ ਕੌਮ ਨੂੰ, ਧਰਮ ਨੂੰ, ਸਮਾਜ ਨੂੰ ਸਹੀ ਅਰਥਾਂ ਵਿਚ ਦਸਣਾ ਤੇ ਸਾਬਤ ਕਰਨਾ ਹੈ ਕਿ ਇਹ ਅਸਲ ਜੀਵਨ ਹੈ ਤੇ ਇਸੇ ਜੀਵਨ ਦੀ ਚੋਟੀ ਮੌਤ ਹੈ। ਸ਼ਹੀਦੀ ਜੀਵਨ ਤੇ ਮੌਤ ਦੀਆਂ ਹਦਬੰਦੀਆਂ ਤੋੜਨੀਆਂ ਹਨ ਤੇ ਆਤਮਾ ਦੀ ਸਿਖਰ ਨੂੰ ਪਹੁੰਚਣਾ ਹੈ।

ਉਪਰਲੇ ਚਾਰੇ ਪੱਖਾਂ ਵਿਚ ਜੀਂਦਾ ਵਿਅਕਤੀ ਵੀ ਜ਼ਿੰਦਾ ਸ਼ਹੀਦ ਹੈ। ਉਹ ਤਤਪਰ ਹੈ। ਉਹ ਤਿਆਰ ਬਰ ਤਿਆਰ ਹੈ। ਉਹ ਪੂਰਨਤਾ ਵਲ ਵਧਦਾ ਸੂਰਮਾ ਹੈ। ਉਹ ਸਹੀ ਰਾਹ ਦਾ ਸਚਾ ਰਾਹੀ ਹੈ। ਉਹ ਰਣਤਤੇ ਵਿਚ ਲੜਦਾ ਸੱਚਾ ਸਿਪਾਹੀ ਹੈ। ਸ਼ਹੀਦੀ ਪੂਰਨਤਾ ਦੀ ਮੰਜ਼ਲ ਹੈ। ਇੱਥੇ ਰੱਬ ਤੇ ਸਿੱਖ ਗੁਰੂ ਤੇ ਸਿੱਖ ਇੱਕ ਹੋ ਗਏ ਹਨ। ਜਲ ਦੀ ਨਿਕੀ ਬੂੰਦ ਸਮੁੰਦਰ ਵਿਚ ਪੈ ਕੇ ਸਮੁੰਦਰ ਹੀ ਬਣ ਗਈ। ਜਲ ਵਿਚ ਅਭੇਦ ਹੋ ਗਈ। ਆਪਣੀ ਹਸਤੀ ਨੂੰ ਰਬੀ ਹਸਤੀ ਵਿਚ ਸਮੋਅ ਗਈ।

*ਜਿਉਂ ਜਲ ਮਹਿ ਜਲ ਆਏ ਖਟਾਨਾ*
*ਤਿਉਂ ਜੋਤੀ ਸੰਗ ਜੋਤ ਸਮਾਨਾ।*

ਹੁਣ "ਮਿਟ ਗਏ ਗਵਨ" "ਹੁਣ ਪਾਏ ਬਿਸ੍ਰਾਮ"। ਜ਼ਿੰਦਾ ਸ਼ਹੀਦ, ਸ਼ਹੀਦੀ ਲਈ ਤਿਆਰ ਖੜਾ ਸੂਰਮਾ ਹੈ। ਸ਼ਹੀਦ ਚਰਮਸੀਮਾ ਤੇ ਪਹੁੰਚ ਕੇ, ਰੱਬ ਵੱਲੋਂ ਤੇਜ ਤਾਰ ਦਾ ਸਿਖਮਿਸ਼ਨ ਵਿਚ ਅਭੇਦ ਹੋਇਆ ਰੌਸ਼ਨੀ ਦਾ ਲਿਸ਼ਕਾਰਾ ਹੈ।

ਸ਼ਹੀਦ-ਸ਼ਹੀਦੀ ਪਾ ਕੇ ਖਤਮ ਨਹੀਂ ਹੁੰਦਾ। ਚਰਮਸੀਮਾ ਤੇ ਪਹੁੰਚਣਾ ਪਰਮ [illegible] ਵਿਚ ਅਭੇਦ ਹੋ ਕੇ ਮਰਨਾ ਨਹੀਂ, ਅਮਰ ਹੋਣਾ ਹੈ। ਸਦਾ ਲਈ ਜੀਣਾ ਹੈ। ਰੌਸ਼ਨੀ ਬਣ ਕੇ ਸਦਾ ਰੁਸ਼ਨਾਈ ਦੇਣੀ ਤੇ ਆਪ ਰੌਸ਼ਨ ਰਹਿਣਾ ਹੈ। "ਅਖ ਮਹਿ ਜੀਵਨਪਦਵੀ ਪਾਈ" "ਅੰਮ੍ਰਿਤ ਪੀਵਹੁ ਸਦਾ ਚਿਰ ਜੀਵ।" ਜ਼ਿੰਦਾ ਸ਼ਹੀਦ ਤੋਂ ਹੁਣ ਸ਼ਹੀਦ ਆਪ ਹੀ ਜ਼ਿੰਦਗੀ ਬਣ ਗਿਆ। ਦੂਜਿਆਂ ਨੂੰ ਜ਼ਿੰਦਗੀ ਦੇਣ ਵਾਲੀ ਜ਼ਿੰਦਗੀ ਬਣ ਗਿਆ।

Sri Satguru Jagjit Singh Ji eLibrary NamdhariElibrary@gmail.com

## ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ
## ਦੇ ਪ੍ਰਬੰਧ ਅਧੀਨ
## ਚਲ ਰਹੇ ਟਰੱਸਟਾਂ ਦਾ ਕਾਰਜ ਖੇਤਰ

1. ***ਅਕਾਲੀ ਫੂਲਾ ਸਿੰਘ ਯਾਦਗਾਰੀ ਟਰੱਸਟ***
ਹਰ ਸਾਲ ਸਿੱਖ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਧਰਮ, ਸਿੱਖ ਨੈਤਿਕਤਾ, ਸਿੱਖ ਇਤਿਹਾਸ ਤੇ ਸਭਿਆਚਾਰ ਬਾਰੇ ਪਿਛਲੇ ਸਾਲ ਵਿਚ ਛਪੀ ਸਭ ਤੋਂ ਵਧੀਆ ਪੁਸਤਕ ਨੂੰ 6100/- ਦਾ ਇਨਾਮ ਦਿੱਤਾ ਜਾਂਦਾ ਹੈ।

2. ***ਡਾ. ਗੰਡਾ ਸਿੰਘ ਯਾਦਗਾਰੀ ਟਰੱਸਟ***
ਵਾਰਸ਼ਕ ਖੋਜ-ਪੱਤਰ ਪ੍ਰਤਿਯੋਗਤਾ ਵਿਚ ਪਹਿਲੇ, ਦੂਜੇ ਤੇ ਤੀਜੇ ਸਥਾਨਾ ਉਪਰ ਆਉਣ ਵਾਲੇ ਖੋਜ-ਪੱਤਰਾਂ ਨੂੰ ਕ੍ਰਮਵਾਰ 2100/-, 1500/- ਤੇ 1000/- ਰੁਪਏ ਦਾ ਇਨਾਮ ਤੇ ਹੋਰ ਕਈ ਉਤਸ਼ਾਹ ਦਵਾਊ ਇਨਾਮ ਦਿੱਤੇ ਜਾਂਦੇ ਹਨ।

3. ***ਮਦਰ ਆਫ਼ ਖਾਲਸਾ ਯਾਦਗਾਰੀ ਟਰੱਸਟ***
ਹਰ ਸਾਲ ਕਾਲਜ ਦੇ ਵਿਦਿਆਰਥੀਆਂ ਲਈ ਭਾਰਤ ਪੱਧਰ ਤੇ ਗੁਰਮਤਿ ਦਾ ਇਮਤਿਹਾਨ ਲੈ ਕੇ ਹਰ ਜ਼ੋਨ ਵਿਚੋਂ ਪ੍ਰਥਮ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ। ਇਹ ਇਮਤਿਹਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵਲੋਂ ਆਯੋਜਿਤ ਕੀਤੇ ਜਾਂਦੇ ਹਨ।

4. ***ਗਿਆਨੀ ਕਰਤਾਰ ਸਿੰਘ ਯਾਦਗਾਰੀ ਟਰੱਸਟ ਅਤੇ ਗਿਆਨੀ ਦਿੱਤ ਸਿੰਘ ਯਾਦਗਾਰੀ ਟਰੱਸਟ***
ਇਨ੍ਹਾਂ ਟਰੱਸਟਾਂ ਵਲੋਂ ਵਿਭਿੰਨ ਸਥਾਨਾਂ ਉਪਰ ਕ੍ਰਮਵਾਰ ਵਕਤਾ ਤੇ ਲੇਖਕ ਕਾਰਜਸ਼ਾਲਾ ਲਗਾ ਕੇ ਨੌਜੁਆਨਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ। ਇਨ੍ਹਾਂ ਦਾ ਆਯੋਜਨ ਵੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵਲੋਂ ਕੀਤਾ ਜਾਂਦਾ ਹੈ।

5. ***ਭਗਤ ਲਛਮਣ ਸਿੰਘ ਯਾਦਗਾਰੀ ਟਰੱਸਟ***
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਰਾਹੀਂ ਵਿਭਿੰਨ ਕਾਲਜਾਂ ਤੇ ਸਕੂਲਾਂ ਵਿਚ ਵਿਦਵਾਨਾਂ ਵਲੋਂ ਗੁਰਮਤਿ ਅਥਵਾ ਗੁਰਇਤਿਹਾਸ ਦੇ ਵਿਸ਼ਿਆਂ ਉਤੇ ਭਾਸ਼ਨ ਕਰਵਾਏ ਜਾਂਦੇ ਹਨ।

6. ***ਸ. ਨਰੈਣ ਸਿੰਘ ਯਾਦਗਾਰੀ ਟਰੱਸਟ***
ਸਕੂਲ ਦੇ ਵਿਦਿਆਰਥੀਆਂ ਨੂੰ ਵਜੀਫੇ ਅਤੇ ਗੁਰਮਤਿ ਕਾਲਜ ਦੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ।

Sri Satguru Jagjit Singh Ji eLibrary NamdhariElibrary@gmail.com

*ਟ੍ਰੈਕਟ ਨੰ: 483 ਹੇਠ ਲਿਖਿਆਂ ਦੀ ਸਹਾਇਤਾ ਤੇ ਸਹਿਯੋਗ ਨਾਲ ਛਾਪਿਆ ਗਿਆ :*

1. ***ਸ. ਨਰਿੰਦਰਪਾਲ ਸਿੰਘ,*** ਨਿਰਮਾਨ ਵਿਹਾਰ, ਨਵੀਂ ਦਿੱਲੀ।
2. ***ਸ. ਗੁਰਚਰਨ ਸਿੰਘ ਜੌਲੀ,*** ਮਹੀਮ, ਮੁੰਬਈ।
3. ***ਸ. ਜੁਗਿੰਦਰ ਸਿੰਘ ਤੇ ਸਰਦਾਰਨੀ ਹਰਜੀਤ ਕੌਰ,*** ਬੂਟਾ ਸਿੰਘ ਵਾਲਾ, ਪਟਿਆਲਾ

## ਵਿਸ਼ੇਸ਼ ਬੇਨਤੀਆਂ

1. ਜੀਵਨ-ਪ੍ਰਯੰਤ ਮੈਂਬਰ ਬਣਕੇ ਇਹੋ ਜਹੇ ਟ੍ਰੈਕਟ ਸਦਾ ਪ੍ਰਾਪਤ ਕਰਨਾ ਨਿਸਚਿਤ ਕਰੋ।
2. ਇਹ ਜਾਂ ਹੋਰ ਅਜੇਹੇ ਟ੍ਰੈਕਟ ਗੁਰਪੁਰਬਾਂ ਸਮੇਂ ਗੁਰਮਤਿ ਪ੍ਰਚਾਰ ਲਈ ਅਤੇ ਸਕੂਲ-ਕਾਲਜਾਂ ਦੇ ਵਿਦਿਆਰਥੀਆਂ ਨੂੰ ਇਨਾਮ ਦੇ ਤੌਰ ਤੇ ਵੰਡੋ।। ਅਜੇਹੇ ਕਾਰਜਾਂ ਲਈ ਵਿਸ਼ੇਸ਼ ਛੂਟ 33% ਤੱਕ ਦਿੱਤੀ ਜਾ ਸਕਦੀ ਹੈ।

## ਚੰਦਿਆਂ ਦੀ ਦਰ

*ਭਾਰਤ*

| | |
|---|---|
| ਵਾਰਸ਼ਿਕ | 35-00 |
| ਜੀਵਨ-ਪ੍ਰਯੰਤ | 350-00 |

*ਵਿਦੇਸ਼*

| | |
|---|---|
| ਜੀਵਨ ਪ੍ਰਯੰਤ | 1000-00 |

Sri Satguru Jagjit Singh Ji eLibrary NamdhariElibrary@gmail.com